ਮਾਸਕ ਪਤ੍ਰ

੧ੴ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਗੁ: ਸੀਸਗੰਜ ਸਾਹਿਬ, ਚਾਂਦਨੀ ਚੌਕ, ਦਿੱਲੀ

OCT 1989

ਅਕਤੂਬਰ ੧੯੮੯



ਦਿੱਲੀ ਦੇ ਇਤਿਹਾਸਕ ਗੁਰ—ਅਸਥਾਨਾਂ ਵਿਖੇ ਅਖੰਡ ਕੀਰਤਨ ਜਥਿਆਂ ਵਲੋਂ ੭-੮-੯ ਅਕਤੂਬਰ ਨੂੰ ਕੀਰਤਨ ਸਮਾਗਮ ਅਤੇ ਰੈਣ ਸਬਾਈ ਕੀਰਤਨ ਹੋ ਰਹੇ ਹਨ ।

www.AKJ.Org

# ਤਤਕਰਾ


| | | |
|---|---|---|
| ਇਤਫ਼ਾਕ ਤੇ ਪ੍ਰੇਮ ਦੀ ਸੱਚੀ ਨੀਂਹ "ਧਰਮ" | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰਮਤਿ ਨਾਮ ਤੇ ਕਿਰਤਮ ਨਾਮ (੩) | ੪ | ,, ,, ,, |
| ਦੂਸਰੀ ਵਡੀ ਲੜਾਈ ਦਾ ਇਕ ਚਮਤਕਾਰ | ੮ | ਇਕ ਅੰਗਰੇਜ਼ ਸਿਖ |
| ਧਿਆਨ ਧਰ ਕੇ ਬੋਲੋ ਜੀ 'ਵਾਹਿਗੁਰੂ' | ੯ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| "ਮਾਇਆਧਾਰੀ ਅਤਿ ਅੰਨਾ ਬੋਲਾ" | ੧੨ | ਪ੍ਰੋਫ਼ੈਸਰ ਹਰਨਾਮ ਸਿੰਘ ਜੀ |
| ਭੁਝੰਗੀਆਂ ਦੀ ਬੀਰ-ਗਾਥਾ | ੧੫ | ਪ੍ਰੋਫ਼ੈਸਰ ਪਿਆਰਾ ਸਿੰਘ ਜੀ ਪਦਮ |
| 'ਸੰਤ ਸਿਪਾਹੀ' ਵਲੋਂ ਕੂਹਜੀ ਤੇ ਬੇਬੁਨਿਆਦ ਟਿਪਣੀ | ੧੬ | ਸੂਰਾ ਪਰਵਾਰ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ (ਪੁਰਾਤਨ ਕਾਵਿ) | ੨੦ | ਸੰਤ ਨਿਹਾਲ ਸਿੰਘ ਜੀ |
| ਦੋ ਕਵਿਤਾਵਾਂ | ੨੧ | ਦੋ ਕਵੀ |
| ਦਿੱਲੀ ਫ਼ਤਿਹ (ਪੰਜਾਬੀ ਵਾਰ) | ੨੨ | ਸ: ਅਤਰ ਸਿੰਘ ਜੀ ਨੀਰ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ | ੨੪ | ਡਾਕਟਰ ਗੰਡਾ ਸਿੰਘ ਜੀ |
| ਹੁਕਮਿ ਮੰਨਿਐ ਹੋਵੈ ਪਰਵਾਣੁ | ੩੨ | ਪ੍ਰੋਫ਼ੈਸਰ ਗੁਰਮੁਖ ਸਿੰਘ ਜੀ |
| ਖ਼ਾਲਸਾ ਪੰਥ ਅਗੇ ਦਰਦ-ਭਰੀ ਅਪੀਲ | ੩੫ | ਬਾਵਾ ਹਰਕ੍ਰਿਸ਼ਨ ਸਿੰਘ ਜੀ |
| ਸ੍ਰੀ ਅਕਾਲ ਤਖ਼ਤ ਧੀਆਂ ਭੈਣਾਂ ਦੀ ਇੱਜ਼ਤ ਦਾ ਜ਼ਾਮਨ | ੪੧ | ... ... ... |
| ਗੁਰਸਿੱਖ ਦੀ ਨਿੱਤ ਕਰਨੀ | ੪੨ | ਭਗਤ ਪੂਰਨ ਸਿੰਘ ਜੀ |


| | | | |
|---|---|---|---|
| ਸ੍ਰੀ ਗੁਰੂ ਰਾਮਦਾਸ ਜੀ ਅਵਤਾਰ ਦਿਵਸ | ੧੬ ਅਕਤੂਬਰ | ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਗੁਰਿਆਈ | ੨੩ ਅਕਤੂਬਰ |
| ਸ੍ਰੀ ਗੁਰੂ ਹਰਿ ਰਾਇ ਸਾਹਿਬ ਜੋਤੀ ਜੋਤਿ | ੨੩ ਅਕਤੂਬਰ | ਸ੍ਰੀ ਗੁਰੂ ਗ੍ਰੰਥ ਸਾਹਿਬ ਗਦੀ ਨੰਦੇੜ | ੩੧ ਅਕਤੂਬਰ |

**'ਸੂਰਾ' ਜਨਵਰੀ੮੮**—ਪਾਠਕਾਂ ਪਾਸ ਬਿਨੈ ਹੈ ਕਿ ਜਨਵਰੀ ੮੮ ਸੂਰਾ ਫ਼ਾਈਲ-ਕਾਪੀ ਵੀ ਸਾਡੇ ਪਾਸ ਨਹੀਂ ਰਹੀ। ਜਿਨ੍ਹਾਂ ਵੀਰਾਂ ਭੈਣਾਂ ਪਾਸ ਇਹ ਪਰਚਾ ਵਾਧੂ ਹੋਵੇ, ਉਹ ਜ਼ਰੂਰ ਹੀ ਦਿਲੀ ਸਮਾਗਮ ਸਮੇਂ 'ਸੂਰਾ' ਸਟਾਲ ਤੇ ਪਹੁੰਚਾ ਦੇਣ ਦੀ ਕਿਰਪਾ ਕਰਨ। ਧੰਨਵਾਦ !

**ਕੈਪਟਨ ਸਵਰਨ ਸਿੰਘ ਜੀ** ਤੇ ਅਚਣਚੇਤ ਭੀੜਾ ਆ ਪੈਣ ਤੇ, ਉਨ੍ਹਾਂ ਦਾ ਲੇਖ ਐਤਕੀ ਨਹੀ ਪੁਜ ਸਕਿਆ।

**'ਚਰਨ ਕਮਲ ਕੀ ਮਉਜ'** ਪੁਸਤਕ ਦੀ ਚਲਦੀ ਕਿਸ਼ਤ ਥਾਂ ਦੀ ਮਜਬੂਰੀ ਕਰਕੇ ਐਤਕੀ ਸੂਰਾ ਵਿਚ ਨਹੀਂ ਦਿਤੀ ਜਾ ਸਕੀ।

## 'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁਜੀ ਸਹਾਇਤਾ

| | | | |
|---|---|---|---|
| ਸ. ਅਮਰਜੀਤ ਸਿੰਘ ਆਸਟਰੇਲੀਆ | ੧੧੨੯-੪੫ | ਭਾਈ ਗੁਰਬਖਸ਼ ਸਿੰਘ, ਮੁਹਾਲੀ | ੫੦੦-੦੦ |
| ਸ: ਤਾਰਾ ਸਿੰਘ ਸੇਖੋਂ, ਪਟਿਆਲਾ | ੧੫-੦੦ | ਬੀਬੀ ਸੁਸ਼ੀਲ ਕੌਰ | ੨੪-੦੦ |
| ਗੁਪਤ ਸਹਾਇਤਾ | ੧੫-੧੦ | ਭਾਈ ਮਨੋਹਰ ਸਿੰਘ, ਸਾਊਥਾਲ ਯੂ.ਕੇ. | ੫੧੦-੦੦ |

| | |
|---|---|
| ਸਰਦਾਰਨੀ ਰਾਜਵੰਤ ਕੌਰ, ਦਿਲੀ—ਸ: ਦਰਸ਼ਨ ਸਿੰਘ ਜੀ ਦੀ ਯਾਦ ਵਿਚ ... ... ... | ੫੦੦-੦੦ |
| ਸ: ਹਰਭਜਨ ਸਿੰਘ, ਕੀਨੀਆ ਅਫ਼ਰੀਕਾ—ਧਰਮ-ਪਤਨੀ ਦੀ ਯਾਦ ਵਿਚ ... ... ... | ੧੨੦-੦੦ |
| ਮਾ: ਜਗਜੀਤ ਸਿੰਘ, ਜੰਮੂ—ਮਾਤਾ ਜੀ ਦੇ ਅੰਤਮ ਭੋਗ ਸਮੇਂ ... ... ... | ੨੧-੦੦ |
| ਗਿ: ਰਾਜਿੰਦਰ ਸਿੰਘ, ਲੁਧਿਆਣਾ—ਦੁਕਾਨ ਦੇ ਮਹੂਰਤ ਸਮੇਂ ... ... ... | ੧੫੧-੦੦ |
| ਭਾਈ ਜਸਵੰਤ ਸਿੰਘ ਭੱਟੀ ਯੂ.ਕੇ.—ਸ੍ਰੀ ਅਖੰਡਪਾਠ ਦੇ ਭੋਗ ਸਮੇਂ ... ... ... | ੬੨੫-੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੧੦-੮੯ ਨੂੰ ਪ੍ਰਕਾਸ਼ਤ ਕੀਤਾ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੪੦-੦੦ |
| ਹਵਾਈ ਡਾਕ | ੧੦੦-੦੦ |

Foreign Subscription

| | |
|---|---|
| Sea Mail | 40-00 |
| Air Mail | 100-00 |

ਅਮਾਨਤੀ
ਲਾਈਫ ਮੈਂਬਰ

| | |
|---|---|
| ਦੇਸ | ੧੫੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੩ ਅਕਤੂਬਰ ੧੯੯੯ ਅੰਕ ੧੦


# ਇਤਫ਼ਾਕ ਤੇ ਪ੍ਰੇਮ ਦੀ ਸੱਚੀ ਨੀਂਹ 'ਧਰਮ'

ਜਿਸ ਕੌਮ ਅੰਦਰ ਧਰਮ ਭਾਵ ਅਤੇ ਪਰਉਪਕਾਰ ਦਾ ਮਾਦਾ ਕੁਟ ਕੁਟ ਕੇ ਭਰਿਆ ਹੋਵੇ, ਉਸ ਦੇ ਅੰਦਰ ਸੁਤੇ ਸੁਭਾਵ ਹੀ ਪ੍ਰੇਮ ਭਰੀ ਹਮਦਰਦੀ ਦੇ ਵਲਵਲੇ ਫੁੱਟ ਫੁੱਟ ਕੇ ਨਿਕਲਦੇ ਹਨ। ਉਹ ਪ੍ਰਾਣੀ ਮਾਤਰ ਨੂੰ ਪ੍ਰੇਮ-ਦ੍ਰਿਸ਼ਟੀ ਨਾਲ ਦੇਖਦੇ ਹਨ, ਉਹ ਸਭਨਾਂ ਦਾ ਭਲਾ ਮਨਾਉਂਦੇ ਹਨ ਅਤੇ ਬੁਰਾ ਕਿਸੇ ਦਾ ਭੀ ਨਹੀਂ ਚਿਤਵਦੇ ਤੇ ਲੋਚਦੇ। ਬਸ ਇਤਫ਼ਾਕ ਅਤੇ ਪ੍ਰੇਮ ਦੀ ਸੱਚੀ ਨੀਂਹ ਧਰਮ ਉਤੇ ਹੈ। ਜਿਸ ਦੇ ਅੰਦਰ ਧਰਮ ਨਹੀਂ, ਉਸ ਦੇ ਰਿਦੰਤਰ ਉਪਰਲੀ ਪੋਚਾ-ਪਾਚੀ ਨਾਲ ਪ੍ਰੇਮ ਇਤਫਾਕ ਨਹੀਂ ਵਸ ਧਸ ਸਕਦਾ।

ਨਿਗੋਸਾਇਆਂ, ਧਰਮ-ਹੀਣ ਬੇਦੀਨ ਪੁਰਸ਼ਾਂ ਦੇ ਨਾਲ ਧਰਮ-ਪੁੰਜ ਖਾਲਸਾ ਜੀ ਦਾ ਖਾਨ ਪਾਨ, ਵਰਤੋਂ ਵਿਹਾਰ ਇਕ-ਮਿਕ ਕਰ ਦੇਣਾ 'ਧਰਮ-ਕਲਾ' ਦਾ ਨਾਸ ਕਰ ਦੇਣਾ ਹੈ। ਜਿਥੇ ਧਰਮ-ਕਲਾ ਨਹੀਂ ਉਥੇ ਪ੍ਰੇਮ ਨਹੀਂ, ਉਥੇ ਇਤਫ਼ਾਕ ਦਾ ਨਮੂਦ ਨਹੀਂ, ਉਥੇ ਕਲਹ ਕ੍ਰੋਧ ਵੈਰ ਵਿਰੋਧ ਪ੍ਰਧਾਨ ਹਨ। ਉਥੇ ਤ੍ਰਿਸ਼ਨਾ ਦਾ ਰਾਜ ਹੈ। ਉਥੇ ਖ਼ੁਦਗਰਜ਼ੀ ਪ੍ਰਬਲ ਹੈ। ਉਥੇ ਖ਼ੁਦੀ ਬਖ਼ੀਲੀ ਤਕੱਬਰੀ ਦਾ ਪਾਪ-ਵਰਤਾਰਾ ਹੈ। ਇਹ ਸਾਰੀਆਂ ਬਲਾਵਾਂ ਉਥੇ ਪੈਂਦੀਆਂ ਹਨ ਜਿਥੇ ਧਰਮ-ਕਲਾ ਨਹੀਂ ਰਹਿੰਦੀ। ਅਤੇ 'ਧਰਮ-ਕਲਾ' ਧਰਮ-ਹੀਣ ਬੇਦੀਨ ਪੁਰਸ਼ਾਂ ਦੇ ਨਾਲ ਖਾਨ ਪਾਨ ਰੂਪੀ ਵਰਤੋਂ ਵਿਹਾਰ ਕਰਨ ਕਰਿ ਉਡਦੀ ਹੈ ਅਤੇ ਇਸ ਦੇ ਉਡਨ ਕਰਿ ਤੇਜ ਪਰਤਾਪ ਭੀ ਉਡ ਜਾਂਦਾ ਹੈ। ਇਹ ਤੇਜ ਪਰਤਾਪ ਬੇਦੀਨ ਧਰਮ-ਹੀਣ ਆਨਮਤੀਆਂ ਤੋਂ ਨਿਆਰਾ ਰਹਿਣ ਕਰਿ, ਸਾਰੇ ਦਾ ਸਾਰਾ ਜਿਉਂ ਕਾ ਤਿਉਂ ਕਾਇਮ ਦਾਇਮ ਰਹਿੰਦਾ ਹੈ, ਸਗੋਂ ਦਿਨੋ ਦਿਨ ਚੜ੍ਹਦੀ ਕਲਾ ਵਿਚ ਵਧਦਾ ਜਾਂਦਾ ਹੈ।

[ਭਾਃ ਸਾਃ ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਬਿਬੇਕ' ਚੋਂ



www.AKJ.Org

# ਗੁਰਮਤਿ ਨਾਮ ਤੇ ਕਿਰਤਮ ਨਾਮ (੩)

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

### ੫. ਉਧਾਰ ਨਿਸਤਾਰੇ ਦੀ ਸਬੀਲ ਤੇ ਜ਼ਿਰੀਆ—

ਸਤਿਗੁਰੂ ਨਾਨਕ ਸਾਹਿਬ ਦੀ ਜਗਤ ਤਾਰਕ, ਜਗਤ ਸੁਧਾਰਕ ਯਾਤਰਾ ਦੀ ਲੀਲ੍ਹਾ ਭੀ ਬੜੀ ਬਚਿਤ੍ਰ ਹੈ। ਸਤਿਗੁਰ ਨਾਨਕ ਦੇਵ ਜੀ ਦੇ ਜੀਵਾਂ ਨੂੰ ਨਿਸਤਾਰਨ, ਉਭਾਰਨ ਤੇ ਕਲਿਆਨ ਕਰਨ ਦੇ ਹੀਲੇ ਭੀ ਅਤੀ ਚੋਜ ਚੁਈਲੇ ਤੇ ਗੁਰਮਤਿ ਵਿਸ਼ੇਸ਼ ਮਰਯਾਦ ਮਰਯਾਦੀਲੇ ਹਨ। ਕੋਈ ਬੰਨ੍ਹੀ ਰੁੰਨ੍ਹੀ ਰਸਮ ਡਰੰਨੀ ਮਰਯਾਦਾ ਗੁਰੂ ਕਲਾ ਉਧਾਰਨੀ ਰਹਿਮਤ ਵਿਚ ਕਰਾਰ ਦਾਦ ਨਹੀਂ। ਨਾਨਾ ਪ੍ਰਕਾਰੀ ਗੁਰ ਰਹਿਮਤੀ ਮੌਜਾਂ ਵਿਚਿ ਅਨਿਕ ਤਰੰਗੀ ਕਰਣਾ-ਰਸੀ ਨਿਰੰਜਨੀ ਮੌਜਾਂ ਵਿਚ ਜਿਵੇਂ ਜਿਵੇਂ ਸਤਿਗੁਰੂ ਅਵਤਾਰਾਂ ਨੂੰ ਭਾਇਆ, ਤਿਵੇਂ ਤਿਵੇਂ ਨਾਨਾ ਪ੍ਰਕਾਰੀ ਜੀਵਾਂ ਦੀ ਕਲਿਆਣ ਗਤੀ ਦੇ ਸੌਂਜ ਸਾਜੇ। ਜਿਸ ਪ੍ਰਕਾਰ ਭੀ ਜਿਸ ਜਿਸ ਕਰਮ ਗਤੀ ਲਿਖਤਕਾਰ ਦੁਆਰਾ ਜਿਸ ਜਿਸ ਪ੍ਰਾਣੀ ਦਾ ਉਧਾਰ ਹੋਣਾ ਗੁਰੂ ਅੰਤਰਯਾਮੀ ਨੂੰ ਦਿੱਬ ਦ੍ਰਿਸ਼ਟਾਰ ਹੋਇਆ, ਤਿਵੇਂ ਤਿਵੇਂ ਹੀ ਗੁਰੂ ਬਿਧਾਤਾ ਨੇ ਤਿਨ੍ਹਾਂ ਦਾ ਪਾਰ-ਉਤਾਰਾ ਕਰ ਦਿੱਤਾ। ਪਾਰ-ਉਤਾਰੇ ਦਾ ਜੋ ਦੁਆਰਾ ਲਿਖਤਕਾਰਾ ਸਤਿਗੁਰੂ ਨੂੰ ਆਸ਼ਕਾਰਾ ਹੋਇਆ, ਸੋਈ ਸਬੀਲ ਦੁਆਰਾ ਸਤਿਗੁਰਾਂ ਨੇ ਵਰਤਾਇਆ। ਤ੍ਰੈਕਾਲ ਦਰਸੀ ਗੁਰੂ ਅਵਤਾਰਾਂ ਨੂੰ ਜਿਸ ਜਿਸ ਪ੍ਰਾਣੀ ਦੀ ਜਿਸ ਅਧਿਕਾਰਤਾ ਦੁਆਰਾ ਸਦਗਤੀ ਹੋਣ ਦੀ ਦਿੱਬ ਲਖਤਾ ਸਾਮ੍ਹਣੇ ਹੋਈ, ਤਿਸ ਤਿਸ ਪ੍ਰਕਾਰ ਤਿਸ ਤਿਸ ਪ੍ਰਾਣੀ ਦੇ ਉਧਾਰ-ਨਿਸਤਾਰੇ ਦਾ ਤ੍ਰੀਕਾ (ਦੁਆਰਾ—ਜ਼ਿਰੀਆ) ਵਰਤਿਆ ਅਤੇ ਤੱਤਕਾਲ ਹੀ ਕਰਣਾ ਰਸ ਵਿਚ ਢਰ ਕੇ "ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ"* ਵਾਲਾ ਵਰਤਾਰਾ ਵਰਤਿਆ। ਜਿਸ ਜਿਸ ਬਿਧਿ ਭੀ ਜਿਸ ਕਿਸੇ ਦਾ ਉਧਾਰ ਹੁੰਦਾ ਨਿਜ ਗੁਰਮਤਿ ਅਨਕੂਲ ਜਾਤਾ, ਤਿਸੇ ਬਿਧਿ ਹੀ ਉਸ ਨੂੰ ਉਭਾਰ ਲਿਆ। ਇਸ ਉਭਾਰਨ ਉਧਾਰਨ ਹਿਤ ਗੁਰੂ ਸਾਹਿਬ ਖ਼ੁਦ ਚਲ ਚਲ ਕੇ ਓਥੇ ਓਥੇ ਜਾਂਦੇ ਰਹੇ ਜਿਥੇ ਜਿਥੇ ਕਿ ਅਧਿਕਾਰੀ, ਉਧਾਰ ਅਧਿਕਾਰ ਜੀਵਾਂ ਨੇ ਗੁਰਾਂ ਦੀ ਕਿਰਪਾ-ਕਟਾਕਸ਼ ਦੁਆਰਾ ਵਰੋਸਾਉਣਾ ਸੀ। ਮਰ ਜਾਣੇ ਮਰਦਾਨੇ ਨੂੰ, ਮਰਦੇ ਜਾਂਦੇ ਮਰਦਾਨੇ ਨੂੰ, ਮਰਾਸੀਆਂ ਦੇ ਘਰੋਂ ਮੰਗ ਕੇ ਸਦੀਵ ਲਈ ਆਪਣੇ ਸੰਗ ਸਾਥ ਰਖ ਕੇ ਅਪਣਾਇਆ। ਅਨੇਕ ਵਾਰ ਉਸ ਨੂੰ ਚੋਜ ਚਲਤੀ ਕਉਤਕਾਂ ਦੁਆਰਾ ਭਰਮਾਇਆ, ਸੀਝਾਇਆ, ਓੜਕ ਲਗਾਤਾਰੀ ਸ਼ਬਦ ਸੰਕੀਰਤਨੀ ਦਾਤਾਂ ਦੀਆਂ ਭੰਡਾਰ-ਨਛਾਵਰੀ-ਬਰਕਤਾਂ ਦੇ ਪਾਰਸ-ਪ੍ਰਭਾਵੀ-ਅਕਲ-ਕਲਾ ਦੇ ਤੁਫ਼ੈਲ ਸਦ-ਗਤੀ ਨੂੰ ਪੁਚਾਇ ਦਿੱਤਾ। ਇਕਨਾਂ ਨੂੰ ਆਪਣੇ ਨਿਕਟ ਬੁਲਾਇ ਬੁਲਾਇ, ਇਕਨਾਂ ਦੇ ਆਪਣੇ ਘਰੀਂ, ਮੰਜ਼ਲੀਂ, ਮੰਡਲ ਅਸਥਾਨੀਂ, ਊਚ ਅਗੰਮ ਗਗਨ ਮੰਡਲੀਂ ਜਾਇ ਜਾਇ, ਆਪਣੀ ਪਾਰਸ ਸੁਪਰਸਤਾ ਦੁਆਰਾ ਨਿਸਤਾਰਿਆ। ਕਿਸੇ ਨੂੰ ਚਰਨ ਛੁਹਾ ਕੇ ਹੀ ਪਾਰ ਉਤਾਰਿਆ, ਕਿਸੇ ਨੂੰ ਜੋਤਿ ਝਲਕਾਰੀ ਦਰਸ਼ਨਾਂ ਦਾ ਨਦਰ ਕਟਾਰਾ ਫੇਰ ਕੇ ਕ੍ਰਿਤ ਕ੍ਰਿਤ ਕਰ ਦਿਤਾ। ਕਿਸੇ ਦਾ ਗੁਰ-ਗ੍ਰਿਹਿ ਵਿਖੇ ਜਨਮਾਇ ਕੇ ਗਵਨ ਮਿਟਾਇ ਦਿਤਾ, ਕਿਸੇ ਦਾ ਛਿਨ ਮਾਤ੍ਰ ਵਿਚ ਹੀ ਚਉਰਾਸੀ ਦਾ ਗੇੜ ਮੁਕਾਇ ਦਿਤਾ। ਆਪਣਿਆਂ ਬੇਗਾਨਿਆਂ ਦਾ ਭੀ ਕੋਈ ਤਫ਼ੱਰਕਾ ਨਹੀਂ ਰਖਿਆ। ਕਿਸੇ ਨੂੰ ਬੀਰ ਬਣਾ ਕੇ, ਕਿਸੇ ਨੂੰ ਤੀਰ ਵਾਹਿ ਕੇ, ਕਿਸੇ ਨੂੰ ਸ਼ਬਦ-ਸਾਣ ਚੜ੍ਹਾਇ ਕੇ, ਜਿਵੇਂ ਕਿਵੇਂ ਭੀ ਹੋ ਸਕਿਆ ਅਤੇ ਉਚਿਤ ਪੇਖਿਆ, ਤਿਵੇਂ ਤਿਵੇਂ ਹੀ ਤਿਸ ਦਾ ਹੁਕਮ ਸੇਤੀ ਕਲਿਆਣ ਕਰੰਮਤੀ ਬੋਲ ਬਾਲਾ ਕਰ ਦਿਤਾ। ਇਹੋ ਤਾਂ ਸਤਿਗੁਰੂ ਲੀਲ੍ਹਾ-ਧਾਰੀ ਦੀਆਂ ਜੀਆ-ਜੰਤ ਉਧਾਰੀ ਬਚਿਤ੍ਰ ਪਵਿਤ੍ਰ ਪੁਨੀਤ ਉੱਚ ਪ੍ਰੀਤ-ਰੀਤਾਂ ਹਨ। ਕਿਤੇ ਕਿਤੇ ਅਨੇਕ ਥਾਵੀਂ ਇਹ ਨਿਯਮ ਭੀ ਬੰਧੇਜ ਵਿਚ ਨਹੀਂ ਰਖਿਆ ਕਿ ਮਨੁੱਖਾ ਜਨਮ ਵਿਚ ਹੀ ਨਿਸਤਾਰਾ ਕਰਨਾ ਹੈ। ਕਈ ਜੀਵਾਂ ਨੂੰ ਸਰਪ ਜੋਨੀ ਵਿਚ ਹੀ ਚੁਰਾਸੀ ਤੋਂ ਛੁਟਕਾਰਾ ਦੇ ਦਿਤਾ। ਕਿਤੇ ਚਿੜੀਆਂ ਤੋਂ ਬਾਜ ਤੁੜਾਇ ਕੇ, ਕਿਤੇ ਬਾਜਾਂ ਨੂੰ ਬਾਜ ਧਾਮੇ ਖਵਾਇ ਕੇ, ਸਦਗਤੀ ਨੂੰ ਜਾਇ ਪ੍ਰਾਪਤ ਕੀਤਾ। ਅਗਾਧ ਗਤੀ ਹੈ ਸਤਿਗੁਰੂ ਦੇ ਜੀਆ ਉਧਾਰਨ, ਨਿਸਤਾਰਨ ਵਾਲੀ ਅਕੱਥ ਕਥਾ ਦੀ। ਸੋ ਸਤਿਗੁਰੂ ਨੂੰ ਜਿਵੇਂ ਭੀ ਸੁਝਿਆ, ਜੀਵਾਂ

* ਸਲੋਕ ਮ: ੩, ਬਿਲਾਵਲ ਕੀ ਵਾਰ, ॥੧॥ (੧੦) ਪੰਨਾ ੮੫੩



www.AKJ.Org

ਦੇ ਉਧਾਰ ਦਾ ਦੁਆਰਾ, ਸਬੀਲ, ਗੋਸ਼-ਵਾਰਾ, ਤਿਵੇਂ ਹੀ ਬਣਤ ਬਣ ਗਈ ਜੀਵਾਂ ਦੇ ਉਧਾਰ ਨਿਸਤਾਰੇ ਦੀ। ਹਾਂ ਜੀ !

ਹੋਰੁ ਦੁਆਰਾ ਕੋਇ ਨ ਸੂਝੈ ॥ ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥
ਸਤਿਗੁਰੁ ਸਾਹੁ ਭੰਡਾਰੁ ਨਾਮੁ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ ॥੪॥
ਜਾ ਕੀ ਧੂਰਿ ਕਰੇ ਪੁਨੀਤਾ ॥ ਸੁਰਿ ਨਰ ਦੇਵ ਨ ਪਾਵਹਿ ਮੀਤਾ ॥
ਸਤਿਪੁਰਖੁ ਸਤਿਗੁਰੁ ਪਰਮੇਸਰੁ ਜਿਸੁ ਭੇਟਤ ਪਾਰਿ ਪਰਾਇਣਾ ॥੫॥
ਪਾਰਜਾਤੁ ਲੋੜਹਿ ਮਨ ਪਿਆਰੇ ॥ ਕਾਮਧੇਨੁ ਸੋਹੀ ਦਰਬਾਰੇ ॥
ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ ॥੬॥
ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥ ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥
ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ ॥੭॥
ਕਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥
ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥੮॥
ਗੁਰ ਕੀ ਸੇਵ ਨ ਜਾਣੈ ਕੋਈ ॥ ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥
ਜਿਸ ਨੋ ਲਾਇ ਲਏ ਸੋ ਸੇਵਕੁ ਜਿਸੁ ਵਡ ਭਾਗ ਮਥਾਇਣਾ ॥੯॥
ਗੁਰ ਕੀ ਮਹਿਮਾ ਬੇਦ ਨ ਜਾਣਹਿ ॥ ਤੁਛ ਮਾਤ ਸੁਣਿ ਸੁਣਿ ਵਖਾਣਹਿ ॥
ਪਾਰਬ੍ਰਹਮ ਅਪਰੰਪਰ ਸਤਿਗੁਰ ਜਿਸੁ ਸਿਮਰਤ ਮਨੁ ਸੀਤਲਾਇਣਾ ॥੧੦॥
ਜਾ ਕੀ ਸੋਇ ਸੁਣੀ ਮਨੁ ਜੀਵੈ ॥ ਰਿਦੈ ਵਸੈ ਤਾ ਠੰਢਾ ਥੀਵੈ ॥
ਗੁਰਮੁਖਹੁ ਅਲਾਏ ਤਾ ਸੋਭਾ ਪਾਏ ਤਿਸੁ ਜਮ ਕੈ ਪੰਥੁ ਨ ਪਾਇਣਾ ॥੧੧॥ (੧੫॥੨॥੭)

ਮਾਰੂ ਮ: ੫, ਪੰਨਾ ੧੦੭੯

ਦੇ ਗੁਰਵਾਕ ਅਨੁਸਾਰ ਜੀਵਾਂ ਦੀ ਉਧਾਰ-ਕਲਿਆਣ ਦਾ ਹੋਰ ਕੋਈ ਬਸੀਠ-ਦੁਆਰਾ ਨਹੀਂ, ਪਰ ਸਤਿਗੁਰੂ ਦੁਆਰੇ-ਜ਼ਿਰੀਏ ਹੋਇਕੇ ਸਾਹਿਬ ਸੰਮ੍ਹਾਲਣ ਦੇ ਨਾਨਾ ਬਿਧੀ ਦੁਆਰੇ (ਤ੍ਰੀਕੇ) ਭੀ ਹਨ, ਜੋ ਅਗਿਆਨ ਭੁਲੇ ਲੋਗ 'ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ'' ਦੇ ਅਰਥ ਇਹ ਕਰਦੇ ਹਨ ਕਿ ਕਿਸੇ ਦੁਆਰਿਓਂ, ਕਿਸੇ ਮਤ-ਮਤਾਂਤਰੀ ਦੀਖਿਆ ਰੂਪੀ ਦੁਆਰਿਓਂ ਕਿਸੇ ਪ੍ਰਾਣੀ ਦਾ ਉਭਾਰ ਉਧਾਰ ਹੋਵੇ, ਤਿਥੇ ਹੀ ਉਧਾਰ ਕਰਾ ਲੈਣਾ ਚਾਹੀਦਾ ਹੈ, ਇਹ ਉਨ੍ਹਾਂ ਦੀ ਗ਼ਲਤ-ਫ਼ਹਿਮੀ ਹੈ। ਕਲਿਆਣ ਦਾ ਦੁਆਰਾ ਬਸ ਇਕ ਸਤਿਗੁਰੂ ਦਾ ਦੁਆਰਾ ਹੀ ਹੈ, ਜਗਤ ਜਲੰਦੇ ਨੂੰ ਰਖ ਲੈਣ ਦਾ। ਉਭਰਨ ਉਭਾਰਨ, ਜਗ ਉਧਰਨ ਉਧਾਰਨ ਜੋਗ ਦੁਆਰਾ ਹੈ ਤਾਂ ਬਸ ਇਕੋ ਗੁਰੂ ਦਾ ਦੁਆਰਾ ਹੈ। ਪਰ ਇਸ ਦੁਆਰੇ, ਇਸ ਇਕੋ ਗੁਰੂ-ਦੰਗ-ਦੁਆਲ ਦੁਆਰੇ (ਅਸਚਰਜ ਦਰ) ਦੇ ਨਿਜ ਸਕੀਮੇ ਦੁਆਰੇ ਅੰਦਰ ਅਨੇਕ ਤੇ ਨਾਨਾ ਬਚਿਤ੍ਰਕ ਦੁਆਰੇ (ਤ੍ਰੀਕੇ) ਹਨ, ਧੰਨ ਗੁਰੂ ਨਾਨਕ ਨਿਰੰਕਾਰੀ, ਧੰਨ ਗੁਰੂ ਨਾਨਕ ਨਿਰੰਕਾਰੀ, ਧੰਨ ਗੁਰੂ ਨਾਨਕ ਅਵਤਾਰੀ, ਧੰਨ ਗੁਰੂ ਨਾਨਕ ਦਸਮੇਸ਼ ਕਲਾ ਧਾਰੀ, ਧੰਨ, ਧੰਨ, ਧੰਨ, ਧੰਨ, ਧੰਨ।

ਜੋ ਜੁਗ ਜੁਗਾਂਤਰੀ ਭਗਤ ਅਵਤਾਰ ਭੀ ਹੋਏ, ਚਾਹੇ ਉਹਨਾਂ ਦਾ ਓਦੋਂ ਉਨ੍ਹਾਂ ਜੁਗਾਂ ਅੰਦਰ ਅਨਿਕ ਬਾਰ ਉਧਾਰ ਨਿਸਤਾਰਾ ਹੋਇਆ ਅਤੇ ਏਨ੍ਹਾਂ ਭਗਤ ਅਵਤਾਰਾਂ ਦੁਆਰਾ ਸ੍ਰੀ ਅਕਾਲ ਪੁਰਖ ਆਪਣੀ ਚਮਤਕਾਰੀ ਚੋਜ ਪਰਜੁੱਲਤ ਕਰਦੇ ਰਹੇ, ਪ੍ਰੰਤੂ ਕਿੰਚਤ ਚੋਜ ਚਮਤਕਾਰੀ ਨਿਸਤਾਰਿਆਂ ਦੀ ਨਿਰਭਰਤਾ ਉਤੇ ਹੀ ਸੰਤੁਸ਼ਟ ਨ ਰਹਿੰਦੇ ਹੋਏ ਪੂਰਬ ਜੁਗ ਜਨਮਾਂ ਦੇ ਭਗਤ ਜਨਾਂ ਨੇ ਅਵੱਸ਼ ਗੁਰੂ ਗ੍ਰਿਹਿ ਵਿਖੇ ਹੀ ਉਤਰ ਕੇ (ਜਨਮ ਲੈ ਕੇ) ਆਪਣੀ ਗੁਰਮਤਿ ਆਦਰਸ਼ੀ ਤੱਤ ਕਲਿਆਣ ਪ੍ਰਾਪਤ ਕੀਤੀ। ਏਸੇ ਪ੍ਰਕਾਰ ਜਨਕ ਜੀ ਨੇ ਭੀ ਗੁਰਮੁਖਿ ਗੁਰਦੀਖਿਆ ਦੁਆਰਾ ਹੀ ਪਰਮ ਪਦ ਪਾਇਆ। ਵਸ਼ਿਸ਼ਟ ਜੀ ਭਾਵੇਂ ਸ੍ਰੀ ਰਾਮ ਚੰਦ੍ਰ ਜੀ ਦੇ ਸਮੇਂ ਲੋਕਾਚਾਰ ਜਗਤ-ਗੁਰੂ ਬਣੇ, ਪ੍ਰੰਤੂ ਉਨ੍ਹਾਂ ਦੀ ਕਲਿਆਣ ਜਦ ਹੋਈ, ਗੁਰਮੁਖਿ ਗੁਰਦੀਖਿਆ ਦੁਆਰਾ ਹੀ ਹੋਈ, ਜੈਸਾ ਕਿ ਗੁਰਵਾਕ ਹੈ :–

ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥ ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ ॥



www.AKJ.Org

ਗੁਰਮੁਖਿ ਬਸਿਸਟਿ ਹਰਿ ਉਪਦੇਸ ਸੁਣਾਈ ॥ ਬਿਨੁ ਗੁਰ ਹਰਿਨਾਮੁ ਨ ਕਿਨੈ ਪਾਇਆ ਮੇਰੇ ਭਾਈ ॥
ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ॥੧੩। ਵਡਹੰਸ ਕੀ ਵਾਰ ਮ: ੪, ਪੰਨਾ ੫੯੧

ਗੁਰਮੁਖਿ ਪਦ ਦਾ ਭਾਵ-ਅਰਥ ਏਸ ਉਪਰਲੇ ਗੁਰਵਾਕ ਅੰਦਰ 'ਗੁਰ ਉਪਦੇਸ਼' ਦੁਆਰਾ, ਅਰਥਾਤ 'ਗੁਰ ਸ਼ਬਦ' ਦਾ ਹੈ। ਤਾਤਪਰਜ ਇਹ ਕਿ ਉਪਰਲੇ ਗੁਰਵਾਕ ਵਿਚ ਦਰਸਾਏ ਭਗਤ ਪ੍ਰਹਿਲਾਦ, ਜਨਕ, ਵਸ਼ਿਸ਼ਟ ਆਦਿ ਜਦ ਤਰੇ ਤਾਂ ਗੁਰਪ੍ਰਸਾਦੀ ਹੀ ਪਾਰ ਪਰੇ। ਗੁਰ-ਦੀਖਿਆ (ਗੁਰਮਤਿ ਨਾਮ) ਦੁਆਰਾ ਹੀ ਇਨ੍ਹਾਂ ਦਾ ਤੱਤ ਨਿਸਤਾਰਾ ਹੋਇਆ। ਗੁਰਮੁਖਿ ਗੁਰੂ ਪਰਮ ਗੁਰੂ ਪਦ ਦੀ ਗੁਰੱਤਤਾ ਦਾ ਬੀਜ ਅੰਸ ਧੁਰ ਅਕਾਲ ਪੁਰਖ ਦੀ ਨਿਜ ਹਸਤੀ ਵਿਚ ਹੀ ਵਿਦਮਾਨ ਹੈ। ਜਦੋਂ ਗੁਰੂ ਅਕਾਲ ਪੁਰਖ ਨੂੰ ਮਨਜ਼ੂਰ ਹੋਵੇ ਤਦੋਂ ਹੀ ਇਸ ਗੁਰਤੱਤਾ ਨੂੰ ਬਿਸਥਾਰਤ ਕਰ ਸਕਦੇ ਹਨ। ਕਦੇ ਚੋਜ ਚਮਤਕਾਰੀ ਚੁੰਭਕਾਂ ਦੁਆਰਾ ਵਿਰਲੀ ਵਿਰਲੀ ਥਾਈਂ ਪੈਜ ਪਰਤੱਗਿਆ ਬਿਸਥੀਰਨ ਕਰਨ ਲਈ; ਜੈਸੇ :–

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥੪॥੧੩॥੨੦॥
ਆਸਾ ਮ: ੪, ਪੰਨਾ ੪੫੧

ਵਾਲੇ ਗੁਰਵਾਕ ਦੀ ਅਰਥ-ਬਿਵਸਥਾ ਤੋਂ ਜ਼ਾਹਰ ਹੈ। ਭਗਤ ਅਵਤਾਰੀ ਚੋਜ ਚਮਤਕਾਰ ਕੇਵਲ ਭਗਤ ਜਨਾਂ ਦਾ ਉਧਾਰ ਕਰਨ ਨਮਿਤ ਹੀ ਗੁਰੂ ਅਕਾਲ ਪੁਰਖ ਦੀ ਕਲਾ-ਕ੍ਰਿਸ਼ਮਤਾ ਦੁਆਰਾ ਨਿਰੂਪਨ ਹੋਏ, ਮਜਮੂਈ ਤੌਰ ਤੇ ਸ੍ਰਿਸ਼ਟਿ ਮਾਤਰ ਦਾ ਉਧਾਰ ਕਰਨ ਨਮਿੱਤ ਗੁਰੂ ਅਕਾਲ ਪੁਰਖ ਨੇ ਆਪਣੀ ਪਰਮ ਗੁਰੱਤਤਾ ਵਾਲੀ ਦਿੱਬ-ਜੋਤੀ-ਅੰਸ ਨੂੰ ਕੇਵਲ ਇਸ ਕਲਿਜੁਗ ਵਿਖੇ ਹੀ ਦਸਾਂ ਗੁਰੂ ਜਾਮਿਆਂ ਅੰਦਰ ਪੂਰਨ ਪ੍ਰਕਾਸ਼ ਪ੍ਰਗਾਸ ਕੇ ਪ੍ਰਤਿਬਿੰਬਤ ਕੀਤਾ, ਪਰ ਹਰ ਹਾਲਤ ਵਿਚ "ਜੋਤਿ ਓਹਾ ਜੁਗਤਿ ਸਾਇ" ਹੀ ਰਹੀ। ਹਾਂ "ਸਹਿ ਕਾਇਆ ਫੇਰਿ ਪਲਟੀਐ"* ਵਾਲਾ ਅੰਤਰਾ ਭੇਦ ਰਖਣਾ ਹੀ ਗੁਰ-ਕਰਤਾਰੀ ਭਾਣੇ ਅੰਦਰ ਮਨਜ਼ੂਰ ਸੀ। ਧਰੂ ਪ੍ਰਹਿਲਾਦ ਆਦਿਕ ਭਗਤਾਂ ਨੂੰ ਤਾਂ ਪਿਛਲੇ ਜਨਮਾਂ ਅੰਦਰ ਚੰਭੁਤਕਾਰਕ ਜ਼ਹੂਰ ਜੋ ਹਾਜ਼ਰਾ ਹਜ਼ੂਰ ਅਕਾਲ ਪੁਰਖ ਮਈ ਪਰਮ ਗੁਰੂ ਜੋਤੀ ਸਰੂਪ ਦਾ ਹੋਇਆ, ਉਹ ਕੇਵਲ ਉਨ੍ਹਾਂ ਦੀ ਰੱਖਿਆ ਤੇ ਦੁਸ਼ਟ-ਦਮਨਤਾ ਨਮਿਤ ਹੀ ਉਸ ਜੁਗਿ ਕਾਲਿ ਅੰਦਰਿ ਹੋਇਆ। ਵਸ਼ਿਸ਼ਟਿ, ਬ੍ਰਹਮਾਦਿ, ਸਨਕ ਸਨੰਦਨੀ ਰਿਖੀਸ਼ਰਾਂ ਨੂੰ ਤਾਂ ਏਤਨੀ ਭੀ ਗੁਰਮੁਖ ਸਮੀਪਤਾ ਤੇ ਗੁਰਮੁਖਤਾ ਪ੍ਰਾਪਤ ਨਹੀਂ ਹੋਈ, ਪ੍ਰੰਤੂ ਸਾਰਿਆਂ ਨੂੰ ਹੀ ਅਨੰਤ ਕਲਾ ਪੂਰਨ ਗੁਰ ਪ੍ਰਕਾਸ਼ ਪਰਮ ਪਦ ਦਾ ਸਾਕਸ਼ਾਤਕਾਰ ਹੋਇਆ ਤਾਂ ਕੇਵਲ ਏਸੇ ਸਮੇਂ ਹੋਇਆ ਜਦੋਂ ਗੁਰੂ ਨਾਨਕ ਦੇਵ ਜੀ ਨੇ ਕਲੀਕਾਲ ਅੰਦਰ ਪੂਰਨ ਗੁਰੂ ਅਵਤਾਰ ਧਾਰਨ ਕੀਤਾ ਅਤੇ ਏਸੇ ਸਮੇਂ ਏਹਨਾਂ ਉਪਰਲੇ ਭਗਤਾਂ ਨੇ ਮੁੜ ਜਨਮ ਲੈ ਕੇ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ"† ਗੁਰਵਾਕ ਅਨੁਸਾਰ ਪੂਰਨ ਗੁਰ-ਦੀਖਿਆ ਦੁਆਰਾ ਦੀਖਤ ਹੋ ਕੇ ਗੁਰਮੁਖਿ ਗੁਰਸਿਖ ਬਣ, ਤੱਤ ਕਲਿਆਣੀ ਸਦਗਤੀ ਵਾਲੀ ਪਰਮ ਪਦਵੀ ਪਾਈ ਅਤੇ ਇਸ ਗੁਰਵਾਕ ਪੰਗਤੀ ਦੇ ਅਟੱਲ ਨਿਯਮ ਨੂੰ ਪ੍ਰਸਿੱਧ ਕੀਤਾ–

ਬਿਨੁ ਗੁਰ ਹਰਿਨਾਮੁ ਨ ਕਿਨੈ ਪਾਇਆ ਮੇਰੇ ਭਾਈ ॥੧੩। ਵਡਹੰਸ ਕੀ ਵਾਰ, ਪੰਨਾ ੫੯੧

ਇਸ ਲੇਖ ਵਿਚ ਪਿੱਛੇ ਕਿਰਤਮ ਨਾਮ ਤੇ ਗੁਰਮਤਿ ਨਾਮ ਦੇ ਫਲ ਦੇ ਸੰਬੰਧ ਵਿਚ ਇਹ ਲਿਖਿਆ ਗਿਆ ਹੈ ਕਿ ਕਿਰਤਮ ਨਾਮ ਦੇ ਜਪਣਹਾਰੇ ਗੁਰਮਤਿ ਮੁਕਤਿ ਨੂੰ ਪ੍ਰਾਪਤ ਨਹੀਂ ਹੋ ਸਕਦੇ। ਗੁਰਮਤਿ ਮੁਕਤੀ ਤੋਂ ਭਾਵ ਏਥੇ ਗੁਰਮਤਿ ਦੇ ਇਸ ਆਦਰਸ਼ ਦਾ ਹੈ–

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥ ਸਲੋਕ ਕਬੀਰ ਜੀ, ਪੰਨਾ ੧੩੭੦
ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ..॥੧॥ ਦੇਵਗੰਧਾਰੀ ਮ: ੫, ਪੰਨਾ ੫੩੪

ਗੁਰਸਿੱਖਾਂ ਲਈ ਚਰਨ ਕਮਲ ਦੀ ਮੌਜ ਤੋਂ ਬਿਨਾਂ ਹੋਰ ਨਾਨਾ ਪ੍ਰਕਾਰੀ ਮੁਕਤੀਆਂ ਕੁਝ ਮੁੱਲ ਨਹੀਂ ਰਖਦੀਆਂ। ਗੁਰਸਿੱਖਾਂ ਦਾ ਮੁਖ ਮੰਤਵ ਅਕਾਲੀ ਦਰਸ਼ਨਾਂ ਵਿਚ ਲੀਨਤਾ ਹੈ। ਇਹੋ ਵਾਸਤਵੀ ਤੱਤ ਉਧਾਰ ਹੈ।

* ਸਤੇ ਬਲਵੰਡ ਕੀ ਵਾਰ, ਪੰਨਾ ੯੬੬ † ਰਾਮਕਲੀ ਮ: ੧ ਸਿਧ ਗੋਸਟਿ, ਅੰਕ ੨੦, ਪੰਨਾ ੯੪੦


www.AKJ.Org

ਇਸੇ ਕਰਕੇ ਗੁਰਵਾਕ ਹੈ ਕਿ :–

ਮੁਕਤਿ ਬਪੁੜੀ ਭੀ ਗਿਆਨੀ ਤਿਆਗੈ ॥ (੧੦੭੮)

ਉਹ ਪੁੱਗ ਖਲੋਤੇ ਜਿਨ੍ਹਾਂ ਨੇ ਆਦਿ ਅੰਤ ਚਰਨ ਕਮਲ ਕੀ ਮਉਜ ਮਹਿ ਹੀ ਤੋੜ ਨਿਭਾਈ ਤੇ ਗੁਰਪੁਰੀ (ਸਚ ਖੰਡ) ਨਿਵਾਸ ਕੀਤਾ।

ਰਿਹਾ ਸਵਾਲ ਇਹ ਕਿ ਜੋ ਭਗਤ ਕਿਰਤਮ ਨਾਮ ਕੇਵਲ ਈਸ਼ਰ-ਸਿੱਧੀ ਲਈ ਨਿਸ਼ਕਾਮ ਹੋ ਕੇ ਜਪਦੇ ਹਨ, ਉਨ੍ਹਾਂ ਨੂੰ ਕੀ ਫਲ ਪ੍ਰਾਪਤ ਹੋਵੇਗਾ। ਇਸ ਸੰਬੰਧੀ ਇਤਨੀ ਟੂਕ ਦੇਣੀ ਹੀ ਕਾਫ਼ੀ ਹੈ ਕਿ ਉਹ 'ਸਤਿਨਾਮ ਗੁਰਮਤਿ' ਨਾਮ ਦੇ ਅਧਿਕਾਰੀ ਬਣ ਕੇ ਗੁਰਮਤਿ ਨਾਮ ਦੁਆਰਾ ਉਧਰਨਗੇ। ਸਤਿਨਾਮ ਸਦਾ ਸੁਖਦਾਈ ਹੈ, ਇਹ ਕਦੇ ਉਲਟਾ ਨਹੀਂ ਪੈ ਸਕਦਾ, ਚਾਹੇ ਮਨੋਰਥ-ਸਿੱਧੀ ਲਈ ਭੀ ਕਿਉਂ ਨ ਜਪਿਆ ਜਾਵੇ। ਜਿਹਾ ਕਿ ਗੁਰਵਾਕ ਹੈ–

ਅਪਨੇ ਲੋਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥੧॥ ਗਉੜੀ ਮ: ੫, ਪੰਨਾ ੧੯੫

ਪ੍ਰੰਤੂ ਕਿਰਤਮ ਨਾਮਾਂ ਦੇ ਜਾਪਕ ਜੋ ਮੰਤ੍ਰਾਂ ਜੰਤ੍ਰਾਂ ਨਾਲ ਕਈ ਪ੍ਰਕਾਰ ਦੀਆਂ ਸਿੱਧੀਆਂ ਪ੍ਰਾਪਤ ਕਰਨ ਦਾ ਉਦਮ ਕਰਦੇ ਹਨ, ਅਕਸਰ ਉਨ੍ਹਾਂ ਨੂੰ ਕਈ ਪ੍ਰਕਾਰ ਦੇ ਕਸ਼ਟ ਸ੍ਰੀਰਕ ਤੇ ਮਾਨਸਕਿ ਬਿਆਪਦੇ ਦੇਖੇ ਗਏ ਹਨ।

## ਗੁਰਮਤਿ ਨਾਮ ਪ੍ਰਥਾਇ ਸੰਕੇਤਕ ਕਿਰਤਮ ਨਾਮ–

ਜਿਥੇ ਵੀ ਗੁਰੂ ਸਾਹਿਬਾਨ ਦਾ ਦ੍ਰਿੜ੍ਹਾਇਆ ਹੋਇਆ ਇਹ ਸੰਕੇਤਕ ਕਿਰਤਮ ਨਾਮ ਪਦਵਾ ਆਉਂਦਾ ਹੈ ਉਥੇ ਅਸਾਂ ਗੁਰਮਤਿ-ਖੋਜੀਆਂ ਨੂੰ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਸੰਕੇਤਕ ਨਾਮ ਹੀ ਅਸਲ ਗੁਰਮਤਿ ਨਾਮ ਹੈ। ਮਿਸਾਲ ਦੇ ਤੌਰ ਤੇ ਜਿਥੇ ਗੁਰੂ ਨੌਵੀਂ ਪਾਤਸ਼ਾਹੀ ਜੀ ਨੇ ਇਉਂ ਜਣਾਇਆ ਹੈ :–

ਕਹੁ ਨਾਨਕ ਇਹ ਬਿਪਤਿ ਮਹਿ ਟੇਕ ਏਕ ਰਘੁਨਾਥ ॥੫੫॥ ਸਲੋਕ ਮ: ੯, ਪੰਨਾ ੧੪੨੯

ਸੋ ਉਥੇ 'ਰਘੁਨਾਥ' ਪਦ ਤੋਂ ਭਾਵ ਰਘੂ ਕੁਲ ਦਾ ਨਾਥ ਰਾਜਾ ਰਾਮ ਚੰਦਰ ਨਹੀਂ, ਬਲਕਿ ਗੁਰਮਤਿ ਨਾਮ ਦਾ ਇਹ ਇਕ ਸੰਕੇਤਕ ਇਸ਼ਾਰਾ ਹੈ। ਜਿਸ ਤੋਂ ਸਪੱਸ਼ਟ ਤੌਰ ਤੇ ਇਹੋ ਸੰਕੇਤਿਆ ਗਿਆ ਹੈ ਕਿ ਰਘੁਨਾਥ ਵਾਹਿਗੁਰੂ ਪ੍ਰੀਪੂਰਨ ਦਾ ਇਕ ਸੰਕੇਤਕ ਨਾਮ ਹੈ। ਗੁਰੂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀਉ ਰਘੂ ਕੁਲ ਦੇ ਰਾਜਾ ਰਾਮ ਚੰਦਰ ਜੀ ਦੇ ਉਪਾਸ਼ਕ ਨਹੀਂ ਸਨ। ਇਸੇ ਤਰ੍ਹਾਂ ਗੁਰਬਾਣੀ ਅੰਦਰ ਜਿੱਥੇ ਕਿਤੇ ਵੀ 'ਬੀਠੁਲ' ਨਾਮ ਦਾ ਸੰਕੇਤਕ ਪਦ ਆਉਂਦਾ ਹੈ, ਉਥੇ ਵੀ ਵਾਹਿਗੁਰੂ ਪ੍ਰੀਪੂਰਨ ਤੋਂ ਇਸ਼ਾਰਾ ਹੈ, 'ਬੀਠੁਲ' ਪਦ ਕੇਵਲ ਸੰਕੇਤਿਆ ਹੋਇਆ ਪਦ ਹੀ ਰਹਿ ਜਾਂਦਾ ਹੈ।

ਗੁਰੂ ਨਾਨਕ ਦਾ ਦ੍ਰਿੜ੍ਹਾਇਆ ਦਰਸਾਇਆ ਗੁਰਮਤਿ ਨਾਮ ਹੀ (ਵਾਹਿਗੁਰੂ ਹੀ) ਸਾਰੇ ਪ੍ਰਚਲਤ ਹੋਇਆ। ਅਸੀਂ ਸੁਣਿਆ ਹੈ ਕਿ ਭਾਈ ਨਿਹਾਲ ਸਿੰਘ ਸੂਰੀ ਨੇ ਇਹ ਸਿੱਧ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਹੀ ਮਿਲ ਕੇ ਸਾਰੇ ਭਗਤਾਂ, ਰਾਮਾਨੰਦ ਭਗਤਾਂ ਆਦਿਕਾਂ ਨੂੰ ਗੁਰਮਤਿ ਨਾਮ ਦ੍ਰਿੜ੍ਹਾਇਆ। ਅਸੀਂ ਨਿਹਾਲ ਸਿੰਘ ਸੂਰੀ ਦੇ ਇਸ ਖ਼ਿਆਲ ਦੀ ਪ੍ਰੋੜ੍ਹਤਾ ਲਈ ਇਹ ਸਿੱਧ ਕਰਦੇ ਹਾਂ ਕਿ ਗੁਰੂ ਨਾਨਕ ਸਾਹਿਬ ਜਦ ਚਾਹੁਣ ਅਤੇ ਜਿਥੇ ਜਾਣਾ ਚਾਹੁਣ, ਆਪਣਾ ਗੁਰਮਤਿ ਨਾਮ ਦਾ ਚੱਕਰ ਫੇਰ ਸਕਦੇ ਹਨ। ਗੁਰੂ ਨਾਨਕ ਸਾਹਿਬ ਨੇ ਨੌਂ ਖੰਡ ਪ੍ਰਿਥਵੀ ਦਾ ਉਧਾਰ ਇਸੇ ਪ੍ਰਕਾਰ ਕੀਤਾ। ਜਦੋਂ ਗੁਰੂ ਨਾਨਕ ਸਾਹਿਬ ਧੁਰੋਂ ਪਤਾਲੋਂ ਬਣੀ ਹੋਈ ਕੜਾਹ ਪ੍ਰਸ਼ਾਦ ਦੀ ਦੇਗ ਮੰਗਵਾ ਸਕਦੇ ਹਨ, ਤਾਂ ਉਨ੍ਹਾਂ ਦੇ ਨਜ਼ਦੀਕ ਇਹ ਕੋਈ ਬੜੀ ਗੱਲ ਨਹੀਂ ਕਿ ਉਹ ਗੁਰਮਤਿ ਨਾਮ ਦਾ ਚੱਕਰ ਸਾਰਿਆਂ ਤਬਕਿਆਂ ਅੰਦਰ ਫਿਰਾ ਸਕਣ। ਇਸ ਗੱਲ ਵਿਚ ਰੰਚਕ ਸੰਦੇਹ ਨਹੀਂ, ਜੈਸੇ ਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਦੇ ਆਗਮਨ ਤੋਂ ਪਹਿਲਾਂ ਗੁਰੂ ਰੂਪੀ ਸਾਧ ਕੋਈ ਨਹੀਂ ਸੀ, ਪਹਿਲੇ ਗੁਰੂ ਰੂਪੀ ਸਾਧ ਦੁਨੀਆ ਨੂੰ ਥੰਮ੍ਹਣਹਾਰੇ ਹੋਏ ਤਾਂ ਕੇਵਲ ਗੁਰੂ ਨਾਨਕ ਸਾਹਿਬ ਹੀ ਹੋਏ। ਅੱਜ ਕਲ੍ਹ ਦੇ ਸਭ ਬਣਾਉਟੀ ਸਾਧ ਬਣੇ ਬੈਠੇ ਹਨ; ਨਾ ਉਹ ਪ੍ਰਿਥਵੀ ਨੂੰ ਥੰਮ੍ਹ ਸਕਦੇ ਹਨ ਨਾ ਉਹ ਸੱਚੇ ਸਾਧ ਕਹਾ ਸਕਦੇ ਹਨ। ਗੁਰੂ ਨਾਨਕ ਸਾਹਿਬ ਨੇ ਹੀ

[ਬਾਕੀ ਸਫ਼ਾ ੧੧ ਦੇ ਹੇਠ]



www.AKJ.Org

# ਦੂਸਰੀ ਵਡੀ ਲੜਾਈ ਦਾ ਇਕ ਚਮਤਕਾਰ

੧੯੬੪ ਵਿਚ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿੱਤਰ ਸ਼ਸਤਰ ਇੰਗਲੈਂਡ ਤੋਂ ਦਿੱਲੀ ਆਏ ਸਨ, ਉਨ੍ਹਾਂ ਸ਼ਸਤਰਾਂ ਨਾਲ ਸਿੱਖੀ ਬਾਣੇ ਵਿਚ ਇਕ ਅੰਗਰੇਜ਼ ਭੀ ਆਇਆ ਸੀ। ਉਸ ਨੂੰ ਕਿਸੇ ਨੇ ਪੁਛਿਆ ਕਿ ਤੁਸੀਂ ਸ਼ਸਤਰਾਂ ਦੇ ਸਤਿਕਾਰ ਕਰਕੇ ਸਿੱਖੀ ਬਾਣਾ ਇਖ਼ਤਿਆਰ ਕੀਤਾ ਹੈ ਜਾਂ ਕਿ ਕੋਈ ਹੋਰ ਕਾਰਨ ਹੈ ? ਨਵੀਂ ਦਿੱਲੀ ਗੁਰਦੁਵਾਰਾ ਬੰਗਲਾ ਸਾਹਿਬ ਵਿਖੇ, ਉਸ ਅੰਗਰੇਜ਼ ਨੇ ਇਸ ਸਵਾਲ ਦੇ ਜਵਾਬ ਵਿਚ ਜਿਸ ਤਰ੍ਹਾਂ ਸੰਗਤ ਨੂੰ ਸੰਬੋਧਨ ਕੀਤਾ ਸੀ, ਉਹ ਪਾਠਕਾਂ ਦੀ ਜਾਣਕਾਰੀ ਲਈ ਹੇਠਾਂ ਅੰਕਤ ਕੀਤਾ ਜਾਂਦਾ ਹੈ :–

"ਮੇਰਾ ਨਾਮ ਏ. ਡੇਵਿਡ (A. David) ਸੀ। ਮੈਂ ਸਿਖ ਰੈਜਮੈਂਟ ਵਿਚ ਇਕ ਬਟਾਲੀਅਨ ਕਮਾਂਡਰ ਸਾਂ। ਜਰਮਨੀ ਨਾਲ ਲੜਾਈ ਸਮੇਂ ਸਾਡੀ ਰੈਜਮੈਂਟ ਦਾ ਕਾਫ਼ੀ ਨੁਕਸਾਨ ਹੋਇਆ ਸੀ। ਸਾਡੀ ਬਟਾਲੀਅਨ ਦੇ ਕਾਫ਼ੀ ਜਵਾਨ ਮਾਰੇ ਗਏ ਅਤੇ ਥੋੜੇ ਹੀ ਬਾਕੀ ਬਚੇ ਸਨ। ਸਾਨੂੰ ਜਰਮਨ ਫ਼ੌਜ ਨੇ ਚਹੁੰਆਂ ਪਾਸਿਆਂ ਤੋਂ ਘੇਰ ਲਿਆ ਸੀ। ਸਾਡੇ ਬਚਣ ਦੀ ਕੋਈ ਉਮੀਦ ਨਹੀਂ ਸੀ। ਮੈਂ ਬਟਾਲੀਅਨ ਦੇ ਸੂਬੇਦਾਰ ਮੇਜਰ ਨੂੰ ਬੁਲਾ ਕੇ ਕਿਹਾ ਕਿ ਐਸ ਵੇਲੇ ਮੌਤ ਸਾਡੇ ਸਾਹਮਣੇ ਹੈ। ਸਾਡੇ ਬਚ ਨਿਕਲਣ ਦਾ ਕੋਈ ਚਾਰਾ ਨਹੀਂ। ਅਗਰ ਜੁਆਨ ਏਥੋਂ ਦੌੜ ਕੇ ਆਪਣੀ ਜਾਨ ਬਚਾਅ ਸਕਦੇ ਹਨ ਤਾਂ ਬਚਾਅ ਲੈਣ।

"ਸੂਬੇਦਾਰ ਮੇਜਰ ਨੇ ਉਤਰ ਦਿਤਾ ਕਿ ਅਸੀਂ ਲੜਾਈ ਵਿਚੋਂ ਦੌੜ ਕੇ ਸਿਖ ਰੈਜਮੈਂਟ ਦੇ ਮੱਥੇ ਤੇ ਕਲੰਕ ਦਾ ਟਿੱਕਾ ਨਹੀਂ ਲਾਉਣਾ। ਹਾਂ, ਮੇਰਾ ਇੱਕ ਸੁਝਾਉ ਹੈ, ਕਿ ਅਸੀਂ ਸ੍ਰੀ ਅਖੰਡਪਾਠ ਰੱਖਾਂਗੇ ਅਤੇ ਜੋ ਹੁਕਮ ਗੁਰੂ ਮਹਾਰਾਜ ਦਾ ਸਾਡੀ ਲਈ ਆਵੇਗਾ, ਉਹੀ ਕਰਾਂਗੇ। ਸੋ, ਅਸੀਂ ਪਹਿਰੇ ਲਾ ਕੇ ਅਖੰਡ ਪਾਠ ਸਾਹਿਬ ਅਰੰਭ ਕਰਵਾ ਦਿਤਾ, ਜੋ ਨਿਰਵਿਘਨ ਸੰਪੂਰਨ ਹੋ ਗਿਆ। ਅਰਦਾਸ ਤੋਂ ਉਪਰੰਤ ਜੋ ਹੁਕਮ ਗੁਰੂ ਮਹਾਰਾਜ ਦਾ ਆਇਆ, ਉਹ ਮੈਨੂੰ ਗ੍ਰੰਥੀ ਸਾਹਿਬ ਅਤੇ ਸੂਬੇਦਾਰ ਮੇਜਰ ਨੇ ਦੱਸਿਆ। ਉਨ੍ਹਾਂ ਕਿਹਾ ਕਿ ਸਾਨੂੰ ਦੌੜ ਕੇ ਜਾਣ ਦਾ ਹੁਕਮ ਨਹੀਂ ਹੈ। ਜਿੱਤ ਸਾਡੀ ਹੋਵੇਗੀ। ਜੋ ਚਮਤਕਾਰ ਮੈਂ ਅਰਦਾਸ ਸਮੇਂ ਦੇਖਿਆ ਸੀ, ਮੈਂ ਭੀ ਉਨ੍ਹਾਂ ਨੂੰ ਦੱਸ ਦਿਤਾ ਕਿ ਜਦੋਂ ਅਰਦਾਸ ਵਿਚ ਮੈਂ ਅੱਖਾਂ ਮੀਟ ਕੇ ਖੜਾ ਸੀ, ਮੇਰੇ ਸਾਹਮਣੇ ਇਕ ਸ਼ਸਤਰਧਾਰੀ ਬੜੇ ਤੇਜ ਪਰਤਾਪ ਵਾਲਾ ਸਰਦਾਰ ਘੋੜੇ ਤੇ ਚੜ੍ਹਿਆ ਆਇਆ ਅਤੇ ਮੈਨੂੰ ਹੁਕਮ ਕਰ ਗਿਆ, 'Follow me' (ਮੇਰੇ ਪਿਛੇ ਆਓ)। ਇਹ ਕਹਿ ਕੇ ਉਹ ਐਸ ਪਾਸੇ ਵਲ ਚਲਾ ਗਿਆ। ਉਹ ਕੌਣ ਸੀ ? ਸੂਬੇਦਾਰ ਮੇਜਰ ਨੇ ਕਿਹਾ, ਜੋ ਤੁਸੀਂ ਉਸ ਸਰਦਾਰ ਦਾ ਹੁਲੀਆ ਬਿਆਨ ਕੀਤਾ ਹੈ, ਉਹ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਸਨ।

"ਬੱਸ, ਫਿਰ ਕੀ ਸੀ ! ਅਸਾਂ ਤਿਆਰੀ ਕਰ ਕੇ ਜਿਸ ਤਰਫ਼ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਇਸ਼ਾਰਾ ਕਰ ਗਏ ਸਨ, ਅਸਾਂ ਹਮਲੇ ਦੇ ਰੂਪ ਵਿਚ ਉਸ ਪਾਸੇ ਚੜ੍ਹਾਈ ਕਰ ਦਿੱਤੀ ਅਤੇ ਅਸੀਂ ਥੋੜੀ ਦੇਰ ਵਿਚ ਹੀ ਜਰਮਨ ਫ਼ੌਜ ਦਾ ਘੇਰਾ ਤੋੜ ਕੇ ਬਚ ਕੇ ਨਿਕਲ ਗਏ, ਅਤੇ ਅਸਾਂ ਬਰੀਗੇਡ ਕਮਾਂਡਰ ਨੂੰ ਵਾਇਰਲੈਸ ਕਰ ਦਿਤੀ ਕਿ ਅਸੀਂ ਘੇਰੇ ਵਿਚੋਂ ਬਚ ਕੇ ਨਿਕਲ ਆਏ ਹਾਂ, ਤੁਸੀਂ ਹੋਰ ਫ਼ੌਜੀ ਮਦਦ ਭੇਜੋ। ਇਸ ਲੜਾਈ ਮਗਰੋਂ, ਇਹ ਸੋਚ ਕੇ ਕਿ ਜਿਹੜਾ ਮੈਨੂੰ 'Follow me' (ਮੇਰੇ ਪਿਛੇ ਆਓ) ਕਹਿ ਕੇ ਦੁਸ਼ਮਨ ਦੇ ਸਖ਼ਤ ਘੇਰੇ ਵਿਚੋਂ ਕੱਢ ਕੇ ਲਿਆਇਆ ਹੈ, ਹੁਣ ਬਾਕੀ ਦੀ ਉਮਰ ਮੈਂ ਓਸੇ ਨੂੰ ਹੀ follow ਕਰਾਂਗਾ (ਉਸੇ ਦੇ ਹੀ ਪਿਛੇ ਲਗਾਂਗਾ)। ਮੈਂ ਨੌਕਰੀ ਤੋਂ ਤਿਆਗ-ਪੱਤਰ ਦੇ ਦਿਤਾ ਅਤੇ ਮੈਂ ਤੇ ਮੇਰੀ ਲੜਕੀ ਨੇ ਅੰਮ੍ਰਿਤ ਛਕ ਲਿਆ। ਹੁਣ ਮੇਰਾ ਨਾਮ ਦਵਿੰਦਰ ਸਿੰਘ ਹੈ ਅਤੇ ਮੇਰੀ ਲੜਕੀ ਦਾ ਨਾਮ ਸੁਰਜੀਤ ਕੌਰ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਅਪਾਰ ਬਖਸ਼ਸ਼ ਹੈ ਕਿ ਸਾਡੇ ਤੇ ਤਰਸ ਖਾ ਕੇ ਉਨ੍ਹਾਂ ਨੇ ਸਾਨੂੰ ਆਪਣੇ ਲੜ ਲਾ ਲਿਆ ਹੈ।"

ਇਹ ਵਾਰਤਾ ਮੇਰੇ ਛੋਟੇ ਵੀਰ ਸ: ਰਘਬੀਰ ਸਿੰਘ ਸੂਬੇਦਾਰ (Retd.) ਨੇ ਦੱਸੀ ਹੈ। ਉਹ ਗੁਰਦਵਾਰਾ ਬੰਗਲਾ ਸਾਹਿਬ ਵਿਖੇ ਉਸ ਦਿਨ ਹਾਜ਼ਰ ਸਨ ਜਿਸ ਦਿਨ ਉਸ ਅੰਗਰੇਜ਼ ਨੇ ਉਪਰਲੀ ਵਾਰਤਾ ਸੁਣਾਈ ਸੀ।

ਦਾਸ—ਭਾਈ ਰਣਜੀਤ ਸਿੰਘ, ਕਾਕੀ ਪਿੰਡ, ਜਲੰਧਰ (ਸਾਬਕਾ ਕਾਨ੍ਹਪੁਰ, ਯੂ. ਪੀ.)



www.AKJ.Org

# ਧਿਆਨ ਧਰ ਕੇ ਬੋਲੋ ਜੀ 'ਵਾਹਿਗੁਰੂ !'

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਸੰਗਤ ਵਿਚ ਅਰਦਾਸੀਆ ਸਿੰਘ ਸਾਰੀ ਸੰਗਤ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਖੜੋ ਕੇ ਅਰਦਾਸ ਕਰਦਾ ਹੈ। ਸਾਰੀ ਸੰਗਤ ਉਸ ਦੇ ਪਿੱਛੇ ਖ਼ਾਮੋਸ਼ ਖੜੀ ਇਸ ਅਰਦਾਸ ਵਿਚ ਧਿਆਨ ਰਾਹੀਂ ਸ਼ਾਮਿਲ ਹੋਂਦੀ ਹੈ। ਇਕਾ-ਇਕ ਆਪਣੀ ਆਵਾਜ਼ ਉੱਚੀ ਕਰ ਕੇ ਅਰਦਾਸੀਆ ਹੋਕਾ ਜਿਹਾ ਦੇਂਦਾ ਹੈ : "...ਧਿਆਨ ਧਰ ਕੇ ਬੋਲੋ ਜੀ 'ਵਾਹਿਗੁਰੂ !' " ਤਦ ਸਾਰੀ ਸੰਗਤ ਉੱਚੀ ਆਵਾਜ਼ ਵਿਚ, ਇਕਸੁਰ ਹੋ ਕੇ, 'ਵਾਹਿਗੁਰੂ !' ਬੋਲ ਦਾ ਉਚਾਰਨ ਕਰ, ਅਰਦਾਸੀਏ ਦੇ ਹੋਕੇ ਦਾ ਹੁੰਗਾਰਾ ਭਰਦੀ ਹੈ। ਇਸ ਤਰ੍ਹਾਂ ਦਾ ਅਮਲ ਪੂਰੀ ਅਰਦਾਸ ਦੇ ਦੌਰਾਨ ਕਈ ਵਾਰ ਹੋਂਦਾ ਹੈ। ਇਸ ਦਾ ਕੀ ਮਹੱਤਵ ਹੈ ?

ਮੁਖ ਤੌਰ ਤੇ ਇਹ ਬੋਲ ਅਰਦਾਸ ਕਰਨ ਵਾਲਿਆਂ ਨੂੰ ਸਾਵਧਾਨਤਾ ਦੀ ਚੇਤਾਉਨੀ ਦੇਂਦੇ ਹਨ। ਅਰਦਾਸ, ਅਸਲੋਂ ਸਾਵਧਾਨਤਾ ਦੀ ਕਿਰਿਆ ਹੈ। ਜਿਸ ਦਾ ਮਨ ਸਾਵਧਾਨ ਨਹੀਂ ਉਹ ਤਾਂ ਅਰਦਾਸ ਵਿਚੋਂ ਗ਼ੈਰ-ਹਾਜ਼ਰ ਹੈ। ਪਰ, ਅਰਦਾਸ ਵਿਚ ਤਾਂ ਹਾਜ਼ਰ ਹੋਣਾ ਲਾਜ਼ਮ ਹੈ।* ਇਸੇ ਲਈ ਬਾਰ ਬਾਰ 'ਵਾਹਿਗੁਰੂ' ਬੁਲਵਾ ਕੇ ਇਹ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਅਰਦਾਸ ਪੂਰੇ ਮਨ ਨਾਲ ਕਰਨੀ ਹੈ, ਅੱਧੇ ਮਨ ਨਾਲ ਵੀ ਨਹੀਂ। ਪੂਰੀ ਤਰ੍ਹਾਂ ਜੁੜ ਕੇ ਕਰਨੀ ਹੈ। ਜੁੜਨਾ ਕਿਸ ਨਾਲ ਹੈ ?– ਆਪਣੇ ਇਸ਼ਟ ਦੇਵ ਨਾਲ, ਗੁਰੂ ਕੇ ਸ਼ਬਦ ਨਾਲ, ਕਮਾਈ ਵਾਲਿਆਂ ਦੀ ਕਮਾਈ ਨਾਲ, ਸ਼ਹੀਦਾਂ ਦੀ ਸ਼ਹਾਦਤ ਨਾਲ, ਸਿਦਕ ਦੇ ਸ੍ਰੋਤ ਧਰਮ-ਅਸਥਾਨਾਂ ਨਾਲ, ਤੇ ਅਰਦਾਸ ਵਿਚ ਜੁੜਨ ਵਾਲੇ ਸਰਬੱਤ ਖ਼ਾਲਸਾ ਜੀ ਨਾਲ। ਅਰਦਾਸ ਵਿਚ "ਬੋਲੋ ਜੀ 'ਵਾਹਿਗੁਰੂ !' " ਦੇ ਆਵਾਜ਼ੇ ਦਾ ਬਾਰ ਬਾਰ ਵਾਪਰਨਾ ਸਿਲਸਿਲੇਵਾਰ ਸਾਨੂੰ ਆਤਮਕ ਸ਼ਕਤੀ ਦੇ ਇਹਨਾਂ ਸ੍ਰੋਤਾਂ ਨਾਲ ਜੁੜਨ ਦੀ ਲਲਕਾਰ ਪਾਉਂਦਾ ਹੈ।

"ਬੋਲੋ ਜੀ 'ਵਾਹਿਗੁਰੂ !' " ਤੇ ਪਹਿਲਾਂ "ਧਿਆਨ ਧਰ ਕੇ" ਦੀ ਸਦਾਅ ਦੇ ਕੇ ਅਰਦਾਸੀਆ ਸਾਨੂੰ ਗਿਆਤ ਕਰਾਉਂਦਾ ਹੈ ਕਿ ਅਰਦਾਸ ਅਸਲੋਂ ਧਿਆਨ ਦੀ ਪ੍ਰਕਿਰਿਆ ਹੈ। ਇਹ ਧਿਆਨ ਹੈ ਕੀ ? ਇਹ ਭਗਤੀ ਦੀ ਭੂਮੀ ਹੈ। ਆਪਣੇ ਧਿਏਇ ਉਪਰ ਸੁਰਤ ਦੇ ਇਕ-ਟਕ ਕੇਂਦ੍ਰਿਤ ਕਰਨ ਦਾ ਨਾਮ ਧਿਆਨ ਹੈ। ਭਗਤ ਨਾਮਦੇਵ ਜੀ ਧਿਆਨ ਬਾਰੇ ਕਹਿੰਦੇ ਹਨ : "ਜਿਵੇਂ ਹਿਰਨ ਘੰਡਾਹੇੜੇ ਦੀ ਅਵਾਜ਼ ਸੁਣ ਕੇ ਆਪਣਾ ਆਪ ਭੁਲਾ ਦੇਂਦਾ ਹੈ, ਇਤਨਾ ਕਿ ਆਪਣੀ ਜਾਨ ਤਕ ਦੇ ਦੇਂਦਾ ਹੈ ਪਰ ਨਾਦ ਦਾ ਧਿਆਨ ਨਹੀਂ ਛੋੜਦਾ; ਜਿਵੇਂ ਮਛੀਆਂ ਪਕੜਦਾ ਝੀਵਰ ਆਪਣਾ ਧਿਆਨ ਮਛੀਆਂ ਵਿਚ ਹੀ ਲਾਈ ਰਖਦਾ ਹੈ; ਸੋਨਾ ਘੜਦਿਆਂ ਜਿਵੇਂ ਸੁਨਿਆਰਾ ਸੋਨੇ ਵਲ ਹੀ ਧਿਆਨ ਲਾਈ ਰਖਦਾ ਹੈ; ਜਿਵੇਂ ਵਿਸ਼ਈ ਗਹੁ ਨਾਲ ਪਰਇਸਤ੍ਰੀ ਵਲ ਵੇਖਦਾ ਹੈ; ਜਿਵੇਂ ਜੂਆ ਖੇਡਦਾ ਜੁਆਰੀਆ ਕੌਡਾਂ ਸੁੱਟ ਕੇ ਪਾਸੇ ਦਾ ਧਿਆਨ ਕਰਦਾ ਹੈ, ਉਵੇਂ, ਹੇ ਰਾਮ, ਮੈਂ ਤੇਰਾ ਧਿਆਨ ਕਰਾਂ, ਤੇ ਬਿਨਾਂ ਤੇਰੇ ਹੋਰ ਕਿਸੇ ਨੂੰ ਵੀ ਚਿਤ ਵਿਚ ਨ ਲਿਆਵਾਂ।"†

ਅਰਦਾਸ, ਐਸੇ ਹੀ ਧਿਆਨ ਦੀ ਵਿਸ਼ੇਸ਼ ਅਧਿਆਤਮਕ ਪ੍ਰਕਿਰਿਆ ਹੈ। ਸਿਖ ਧਰਮ ਦੇ ਅਭਿਆਸ ਪੱਖ ਵਿਚ ਧਿਆਨ ਦਾ ਬੜਾ ਮੁਖ ਸਥਾਨ ਹੈ। ਸਿਖ ਪਰਿਭਾਸ਼ਾ ਵਿਚ ਧਿਆਨ ਨੂੰ ਲਿਵ ਭੀ ਆਖਿਆ ਜਾਂਦਾ ਹੈ।

---

* ਹੈ ਹਜੂਰ ਹਾਜਰੁ ਅਰਦਾਸਿ। —ਆਸਾ ਮ: ੧ (੩੫੨/੧੩)

† ਨਾਦ ਭ੍ਰਮੇ ਜੈਸੇ ਮਿਰਗਾਏ। ਪ੍ਰਾਨ ਤਜੇ ਵਾ ਕੋ ਧਿਆਨੁ ਨ ਜਾਏ।੧।
ਐਸੇ ਰਾਮਾ ਐਸੇ ਹੇਰਉ। ਰਾਮੁ ਛੋਡਿ ਚਿਤੁ ਅਨਤ ਨ ਫੇਰਉ।੧।ਰਹਾਉ।
ਜਿਉ ਮੀਨਾ ਹੇਰੈ ਪਸੂਆਰਾ। ਸੋਨਾ ਗਢਤੇ ਹਿਰੈ ਸੁਨਾਰਾ।੨।
ਜਿਉ ਬਿਖਈ ਹੇਰੈ ਪਰ ਨਾਰੀ। ਕਉਡਾ ਡਾਰਤ ਹਿਰੈ ਜੁਆਰੀ।੩।
ਜਹ ਜਹ ਦੇਖਉ ਤਹ ਤਹ ਰਾਮਾ। ਹਰਿ ਕੇ ਚਰਨ ਨਿਤ ਧਿਆਵੈ ਨਾਮਾ।੪। —ਗੋਂਡ ਨਾਮਦੇਉ ਜੀ (੮੭੩/੧੩)



www.AKJ.Org

ਗੁਰਮਤਿ ਵਿਚਾਰਧਾਰਾ ਨੇ 'ਲਿਵ' ਤੇ 'ਧਾਤ' ਦੇ ਦੋ ਰਾਹ ਮੰਨੇ।* 'ਧਾਤ' ਮਾਇਆ ਦਾ ਰਾਹ ਹੈ, 'ਲਿਵ' ਨਾਮ ਦਾ ਮਾਰਗ। ਧਾਤ, ਮਾਦਾਪ੍ਰਸਤੀ ਦੀ ਤੇ ਲਿਵ ਖ਼ੁਦਾਪ੍ਰਸਤੀ ਦੀ ਧਾਰਨਾ ਹੈ। ਸਿੱਖੀ ਦਾ ਮਾਰਗ, ਲਿਵ ਦਾ ਮਾਰਗ ਹੈ। ਇਸ ਵਿਚ ਲਿਵ-ਵਿਹੀਣ ਜ਼ਿੰਦਗੀ ਨੂੰ ਵਿਅਰਥ ਮੰਨਿਆ ਜਾਂਦਾ ਹੈ।† "ਧਿਆਨ ਧਰ ਕੇ" 'ਵਾਹਿਗੁਰੂ !' ਬੋਲਣ ਦਾ ਆਦੇਸ਼, ਅਸਲ ਵਿਚ ਲਿਵ ਲਾਉਣ ਦਾ ਹੀ ਸੰਕੇਤ ਹੈ। ਕੇਵਲ ਲਿਵ ਰਾਹੀਂ, ਮਾਇਆ ਵਿਚ ਰਹਿੰਦਿਆਂ ਵੀ ਪ੍ਰਮਾਰਥ ਦੀ ਪ੍ਰਾਪਤੀ ਹੋ ਸਕਦੀ ਹੈ :

ਕਹੈ ਨਾਨਕੁ, ਗੁਰਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ।

—ਰਾਮਕਲੀ ਮ: ੩ (੯੨੧/੫)

"ਬੋਲੋ ਜੀ 'ਵਾਹਿਗੁਰੂ !'" ਦਾ ਆਵਾਜ਼ਾ ਕੇਵਲ ਚੇਤੰਨ ਹੀ ਨਹੀਂ ਕਰਦਾ ਤੇ ਧਿਆਨ ਵਿਚ ਹੀ ਨਹੀਂ ਜੋੜਦਾ, ਸਿਮਰਨ ਦਾ ਅਭਿਆਸ ਵੀ ਕਰਾਉਂਦਾ ਹੈ। 'ਵਾਹਿਗੁਰੂ' ਸਾਡਾ ਗੁਰਮੰਤ੍ਰ ਹੈ‡ ਤੇ ਗੁਰਮੰਤ੍ਰ ਦੇ ਜਾਪ ਦਾ ਹਰ ਸਿਖ ਨੂੰ ਆਦੇਸ਼ ਹੈ। ਉਸ ਨੂੰ ਤਾਂ ਉਠਦਿਆਂ ਬੈਠਦਿਆਂ, ਕਿਰਤ ਵਿਰਤ ਕਰਦਿਆਂ ਵਾਹਿਗੁਰੂ ਨੂੰ ਚੇਤੇ ਰਖਣ ਦਾ ਆਦੇਸ਼ ਹੈ। ਸਿਮਰਨ ਤਾਂ ਸਾਡੀ ਰਹਿਤ ਦਾ ਮੁੱਢ ਹੈ। ਅਰਦਾਸ ਵਿਚ ਜਦ ਅਸੀਂ ਆਖਦੇ ਹਾਂ, "ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ ਚਿਤ ਆਵੇ" ਤਾਂ ਸਿਮਰਨ ਦੀ ਪ੍ਰਪੱਕਤਾ ਕੇਵਲ ਆਪਣੇ ਲਈ ਨਹੀਂ, ਸਰਬੱਤ ਖ਼ਾਲਸਾ ਜੀ ਲਈ, ਪੂਰੇ ਬੱਲ ਨਾਲ ਮੰਗ ਰਹੇ ਹੁੰਦੇ ਹਾਂ। ਇਤਨਾ ਹੀ ਨਹੀਂ, ਇਸ ਤੋਂ ਅੱਗੇ ਅਸੀਂ ਇਹ ਵੀ ਮੰਗਦੇ ਹਾਂ ਕਿ ਹੇ ਵਾਹਿਗੁਰੂ ਦਾਤਾਰ ਜੀ 'ਸੇਈ ਪਿਆਰੇ ਮੇਲਣੇ ਜਿਨ੍ਹਾਂ ਮਿਲਿਆਂ ਵਾਹਿਗੁਰੂ ਨਾਮ ਚਿਤ ਆਵੇ।'

ਅਸੀਂ ਇਸ ਸਿਮਰਨ ਦਾ ਕੇਵਲ ਦਾਨ ਹੀ ਨਹੀਂ ਮੰਗਦੇ, ਬਾਰ ਬਾਰ 'ਵਾਹਿਗੁਰੂ ! ਵਾਹਿਗੁਰੂ !!' ਆਖ ਕੇ ਇਸ ਸਿਮਰਨ ਦਾ ਅਭਿਆਸ ਵੀ ਕਰਦੇ ਹਾਂ। ਇਸ ਪੱਖੋਂ "ਬੋਲੋ ਜੀ ਵਾਹਿਗੁਰੂ" ਦਾ ਆਵਾਜ਼ਾ ਕੇਵਲ ਸਿਮਰਨ-ਰਹਿਤ ਦੀ ਚੇਤਾਵਨੀ ਹੀ ਨਹੀਂ, ਉਸ ਦਾ ਅਭਿਆਸ ਵੀ ਹੈ।0

ਅਰਦਾਸ ਕਰਦਿਆਂ ਅਸੀਂ ਆਪਣੇ ਕੌਮੀ ਵਿਰਸੇ ਦੀਆਂ ਅਦੁੱਤੀ ਪ੍ਰਾਪਤੀਆਂ ਨਾਲ ਜੁੜਦੇ ਹਾਂ। ਹੈਰਾਨ ਹੁੰਦੇ ਹਾਂ ਸਿੱਖੀ ਸਿਦਕ ਦੇ ਸਿਰੜ ਉਤੇ। ਚਕ੍ਰਿਤ ਹੁੰਦੇ ਹਾਂ ਹੱਠੀਆਂ ਦੇ ਹੱਠ ਉਤੇ, ਜਪੀਆਂ ਦੇ ਜਪ ਉਤੇ, ਤਪੀਆਂ ਦੇ ਤਪ ਉਤੇ, ਧਰਮ ਹੇਤ ਸੀਸ ਦੇਣ ਵਾਲਿਆਂ ਦੀ ਪ੍ਰੇਮ ਭਗਤੀ ਉਤੇ। ਵਿਸਮਾਦ ਵਿਚ ਆਉਂਦੇ ਹਾਂ ਆਪਣੀ ਕੌਮ ਦੇ ਕਾਰਨਾਮਿਆਂ ਨੂੰ ਯਾਦ ਕਰ ਕੇ। ਤਦ "ਵਾਹਿਗੁਰੂ !" ਬੋਲ ਕੇ ਇਸ ਵਿਸਮਾਦ ਦਾ ਐਲਾਨ ਕਰਦੇ ਹਾਂ। ਉਸ ਗੁਰੂ ਨੂੰ "ਵਾਹ !" ਅਥਵਾ "ਮਰਹਬਾ !" ਕਹਿੰਦੇ ਹਾਂ, ਜਿਸ ਦੇ ਪ੍ਰਤਾਪ ਨਾਲ ਸਾਧਾਰਨ ਜ਼ਿੰਦਗੀਆਂ ਏਡੀਆਂ ਮਹਾਨ ਆਤਮਕ ਸਿਖਰਾਂ ਉਤੇ ਜਾ ਅਪੜੀਆਂ।

ਪੰਜਾਂ ਪਿਆਰਿਆਂ ਨੂੰ ਯਾਦ ਕਰਦੇ ਹਾਂ ਤਾਂ ਆਤਮ-ਸਮਰਪਨ ਦਾ ਭਾਵ ਜਾਗਦਾ ਹੈ। ਚੌਹਾਂ ਸਾਹਿਬਜ਼ਾਦਿਆਂ ਨੂੰ ਯਾਦ ਕਰਦੇ ਹਾਂ ਤਾਂ ਅਲੌਕਿਕ ਦ੍ਰਿੜ੍ਹਤਾ ਦੀ ਪ੍ਰੇਰਨਾ ਮਿਲਦੀ ਹੈ। ਚਾਲੀ ਮੁਕਤਿਆਂ ਨੂੰ ਚੇਤੇ ਕਰਦੇ ਹਾਂ ਤਾਂ ਜੀ ਕਰਦਾ ਹੈ ਅਸੀਂ ਵੀ ਟੁੱਟੀ ਗੰਢਵਾ ਸਕੀਏ। ਬੰਦ ਬੰਦ ਜੁਦਾ ਕਰਵਾਉਣ ਵਾਲਿਆਂ, ਖੋਪਰੀਆਂ ਲੁਹਾਉਣ ਵਾਲਿਆਂ, ਆਰੇ ਨਾਲ ਤਨ ਚਿਰਵਾਉਣ ਵਾਲਿਆਂ ਨੂੰ ਯਾਦ ਕਰਦੇ ਹਾਂ ਤਾਂ ਮਨ ਦ੍ਰਵ ਉਠਦਾ ਹੈ। ਇਉਂ ਜਦ ਅਸੀਂ ਇਹਨਾਂ ਸਭਨਾਂ ਦੀ ਪਵਿੱਤਰ ਕਮਾਈ ਦਾ ਧਿਆਨ ਧਰ ਕੇ "ਵਾਹਿਗੁਰੂ !" ਬੋਲਦੇ ਹਾਂ ਤਾਂ ਇਹ ਬੋਲ ਦ੍ਰਵੇ ਹੋਏ ਮਨ ਦੀ ਪੁਕਾਰ ਬਣ ਕੇ ਨਿਕਲਦੇ ਹਨ।

---

* ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ। —ਸਿਰੀਰਾਗ ਵਾਰ, ਮ: ੩ (੮੭/੧੨)

† ਸਾਚੀ ਲਿਵੈ ਬਿਨੁ ਦੇਹ ਨਿਮਾਣੀ। —ਰਾਮਕਲੀ ਮ: ੩ (੯੧੭/੧੪)

‡ ਵਾਹਿਗੁਰੂ ਗੁਰੁ ਮੰਤ੍ਰ ਹੈ ਜਪਿ ਹਉਮੈ ਖੋਈ। —ਭਾ: ਗੁਰਦਾਸ, ਵਾਰ ੧੩:੨

0 ਸਿਮਰਨ ਦਾ ਅਜਿਹਾ ਹੀ ਅਭਿਆਸ ਜਨਮ-ਸਾਖੀਆਂ ਵਿਚ ਵੀ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਜਦੋਂ ਹਰ ਸਾਖੀ ਦੇ ਅੰਤ ਵਿਚ ਆਉਂਦਾ ਹੈ 'ਬੋਲੋ ਜੀ ਵਾਹਿਗੁਰੂ !'



www.AKJ.Org

ਕਿ ਅਸੀਂ ਵੀ ਐਸੀਆਂ ਮਹਾਨ ਪ੍ਰਾਪਤੀਆਂ ਵਾਲੀ ਕੌਮ ਦੇ ਸਦੱਸ ਹਾਂ; ਕਿ ਇਸ ਕੌਮ ਦੇ ਗੌਰਵ ਦੇ ਸਾਂਝੀਦਾਰ ਅਖਵਾਉਣ ਦਾ ਮਾਣ ਸਾਨੂੰ ਵੀ ਪ੍ਰਾਪਤ ਹੈ, ਇਸ ਵਿਚਾਰ ਤੋਂ ਸ਼ੁਕਰਾਨੇ ਦੇ ਭਾਵ ਪੈਦਾ ਹੋਂਦੇ ਹਨ। ''ਵਾਹਿਗੁਰੂ'' ਬੋਲ ਕੇ ਅਸੀਂ ਮਹਿਮਾ ਭਰੇ ਸ਼ੁਕਰਾਨੇ ਦਾ ਆਵਾਜ਼ਾ ਦੇਂਦੇ ਹਾਂ। ਇਉਂ ਇਹਨਾਂ ਬੋਲਾਂ ਰਾਹੀਂ ਇੱਕੋ ਵੇਲੇ ਅਸੀਂ ਕਈ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹਾਂ—ਵਿਸਮਾਦ ਦਾ, ਮਹਿਮਾ ਦਾ, ਸ਼ੁਕਰਾਨੇ ਦਾ, ਭਗਤੀ ਦਾ, ਦ੍ਰਵੇ ਹੋਏ ਮਨ ਦਾ।

''ਵਾਹਿਗੁਰੂ!'' ਬੋਲ ਕੇ ਅਸੀਂ ਸੌਗੰਦ ਵੀ ਖਾਂਦੇ ਹਾਂ–ਬਚਨ-ਬੱਧਤਾ ਦੀ! ਆਪਣੇ ਬਿਰਦ ਦੀ ਪਾਲਨਾ ਦੀ, ਜਿਸ ਦੀ ਪੈਜ ਲਈ ਅਸੀਂ ਅਰਦਾਸ ਵਿਚ ਅਰਜ਼ ਗੁਜ਼ਾਰਦੇ ਹਾਂ: 'ਬਿਰਦ ਕੀ ਪੈਜ ਰਹੇ!' ਇਹ ਬਿਰਦ ਕੀ ਹੈ? 'ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ''* ਦੀ ਪ੍ਰਤਗਿਆ ਹੈ। ''ਵਾਹਿਗੁਰੂ'' ਬੋਲ ਇਸ ਪ੍ਰਤਗਿਆ ਦੀ ਸ਼ਪਥ ਹੈ। ਇਸੇ ਵਿਚ ਖ਼ਾਲਸੇ ਦਾ ਬੋਲ ਬਾਲਾ ਹੈ।

''ਵਾਹਿਗੁਰੂ'' ਨੂੰ ਪੁਕਾਰ ਕੇ ਅਸੀਂ ਆਪਣੀ ਅਰਦਾਸ ਵਿਚ ਉਸ ਦੀ ਬਖ਼ਸ਼ਿਸ਼ ਨੂੰ ਆਮੰਤ੍ਰਿਤ ਵੀ ਕਰਦੇ ਹਾਂ। ਉਸ ਦੀ ਮਿਹਰਾਮਤ ਨੂੰ ਆਪਣੀਆਂ ਲੋੜਾਂ ਉਪਰ ਬਰਸਣ ਦਾ ਸੱਦਾ ਵੀ ਦੇਂਦੇ ਹਾਂ। ਉਸ ਦੀ ਨਦਰ ਨੂੰ ਸਾਡੇ ਸਿਦਕ ਉਪਰ ਛਾਏ ਰਹਿਣ ਦੀ ਪੁਕਾਰ ਵੀ ਕਰਦੇ ਹਾਂ। ''ਵਾਹਿਗੁਰੂ!'' ਬੋਲ ਕੇ ਅਸੀਂ ਕੇਵਲ ਆਪਣਾ ਧਿਆਨ ਹੀ ਆਪਣੇ ਵਾਹਿਗੁਰੂ ਵਲ ਨਹੀਂ ਮੋੜਦੇ, ਵਾਹਿਗੁਰੂ ਜੀ ਦੇ ਧਿਆਨ ਨੂੰ ਵੀ ਆਪਣੀ ਅਰਦਾਸ ਵਲ ਪ੍ਰੇਰਦੇ ਹਾਂ।

''ਵਾਹਿਗੁਰੂ!'' ਦਾ ਆਵਾਜ਼ਾ, ਅਰਦਾਸ ਕਰਨ ਵਾਲਿਆਂ ਵਿਚ ਆਤਮਕ ਏਕਤਾ ਦੇ ਭਾਵ ਵੀ ਜਗਾਉਂਦਾ ਹੈ। ਇਸ ਬੋਲ ਨਾਲ ਅਰਦਾਸ-ਕਰਤਾ ਤੇ ਅਰਦਾਸ ਦੇ ਸ੍ਰੋਤਿਆਂ ਵਿਚਾਲੇ ਆਤਮਕ ਸੰਬੰਧ ਮੌਲਦਾ ਹੈ; ਇਕੱਲੇ ਇਕੱਲੇ ਸਿਖ ਤੇ ਸਮੁੱਚੀ ਸੰਗਤ ਵਿਚਾਲੇ ਵੀ ਇਕ ਪ੍ਰਾਣਧਾਰੀ ਏਕਤਾ ਜਾਗਦੀ ਹੈ। ਜੋ ਜੋ ਪ੍ਰਾਣੀ ਉੱਚੀ ਆਵਾਜ਼ ਨਾਲ ਇਨ੍ਹਾਂ ਬੋਲਾਂ ਦੀ ਹੁੰਗਾਰ ਭਰਦਾ ਹੈ, ਆਪਣੀ ਆਤਮਾ ਨੂੰ ਸਾਰੀ ਸੰਗਤ ਦੀ ਇਕਾਗਰ ਹੋਈ ਆਤਮਾ ਵਿਚ ਵਿੱਲੀਨ ਕਰਦਾ ਹੈ। ਇਉਂ ਉਹ ਇਕ ਅਲੌਕਿਕ ਆਤਮਕ ਏਕਤਾ ਦਾ ਹੁਲਾਰਾ ਮਾਣਦਾ ਹੈ।

''ਬੋਲੋ ਜੀ ਵਾਹਿਗੁਰੂ'' ਦੇ ਬੋਲ, ਇਸ ਨਾਤੇ, ਬੜੇ ਮਹੱਤਵ ਵਾਲੇ ਬੋਲ ਹਨ। ਅਰਦਾਸ ਦੇ ਹਰ ਸ੍ਰੋਤੇ-ਸਾਧਕ ਲਈ ਬਣ ਆਉਂਦਾ ਹੈ ਕਿ ਉਹ ਹਰ ਵਾਰ ਇਸ ਆਵਾਜ਼ੇ ਦਾ ਸਿਦਕ ਨਾਲ ਹੁੰਗਾਰਾ ਭਰੇ। ਅਰਦਾਸੀਏ ਵਲੋਂ ਵਾਹਿਗੁਰੂ ਬੋਲਣ ਦਾ ਆਮੰਤ੍ਰਣ ਸੁਣ ਕੇ ਵੀ ਜੋ ਚੁਪ ਕਰ ਰਹਿੰਦੇ ਹਨ, ਆਪਣਾ ਧਰਮ ਨਹੀਂ ਨਿਭਾ ਰਹੇ ਹੁੰਦੇ:

ਬੋਲਿ ਸੁ ਧਰਮੀੜਿਆ ਮੋਨਿ ਕਤ ਧਾਰੀ ਰਾਮ? —ਬਿਹਾਗੜਾ ਮ: ੫ (੫੪੭/੧੭)

* ਰਾਮਕਲੀ ਕਬੀਰ (੯੬੯/੧੮)

—ਪੁਸਤਕ ''ਅਰਦਾਸ'' ਵਿਚੋਂ

---

[ਸਫ਼ਾ ੭ ਦੀ ਬਾਕੀ]

ਸਤਿਨਾਮ' (ਸੱਚੇ ਨਾਮ) ਦਾ ਸੱਚਾ ਚੱਕਰ ਸਾਰੇ ਚਲਾਇਆ ਅਤੇ ਚਲਾ ਕੇ ਅਨੇਕਾਂ ਜੰਤਾਂ ਨੂੰ ਤਾਰਿਆ। ਅਨੇਕਾਂ ਜਨਮਾਂ ਜੂਨੀਆਂ ਅੰਦਰ ਹੀ ਇਨ੍ਹਾਂ ਜੀਆਂ ਜੰਤਾਂ ਨੂੰ ਗੁਰੂ ਨਾਨਕ ਸਾਹਿਬ ਤਾਰਦੇ ਰਹੇ। ਸੂਰਜ ਪ੍ਰਕਾਸ਼ ਦੇ ਇਤਿਹਾਸਕਾਰ ਭਾਈ ਸੰਤੋਖ ਸਿੰਘ ਜੀ ਦਾ ਆਪਣੀ ਕਵਿਤਾ ਅੰਦਰ ਜਣਾਇਆ ਇਹ ਖਿਆਲ ਬਿਲਕੁਲ ਦਰੁਸਤ ਭਾਸਦਾ ਹੈ ਕਿ ''ਤਾਰੇ ਗਨੇ ਜਾਤ, ਤੇਰੇ ਤਾਰੇ ਨਾ ਗਨੀਅਤ ਹੈ''। ਤੇਰੇ ਦਾ ਭਾਵ ਉਥੇ ਗੁਰੂ ਸਾਹਿਬ ਵੱਲ ਹੈ। ਗੁਰੂ ਨਾਨਕ ਸਾਹਿਬ ਹੀ ਨਾਮ ਦਾ ਸੱਚਾ ਛਿੱਟਾ ਖੰਡਾਂ ਬ੍ਰਹਿਮੰਡਾਂ ਵਿਖੇ ਦੇਣ ਵਾਲੇ ਹੋਏ ਹਨ। 'ਸਤਿਨਾਮ' ਦਾ ਪਦ ਇਕ ਵਿਸ਼ੇਸ਼ਣ ਰੂਪ ਪਦ ਹੈ, ਨਾ ਕਿ ਖ਼ੁਦ ਵਾਹਿਗੁਰੂ ਨਾਮ ਤੋਂ ਭਾਵ ਹੈ। ਤਾਂ ਤੇ ਜਿਥੇ ਵੀ ਇਤਿਹਾਸ ਅੰਦਰ ਇਹ ਆਉਂਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਸਤਿਨਾਮ ਦਾ ਚੱਕ੍ਰ ਚਲਾਇਆ ਉਥੇ ਸਪੱਸ਼ਟ ਭਾਵ ਇਹ ਹੀ ਹੈ ਕਿ ਵਾਹਿਗੁਰੂ ਨਾਮ ਦਾ ਚੱਕ੍ਰ ਫਿਰਾਇਆ ਅਤੇ ਖੰਡਾ ਖੜਕਾਇਆ।

[''ਨਾਮ ਤੇ ਨਾਮ ਦਾ ਦਾਤਾ ਸਤਿਗੁਰੂ'' ਪੁਸਤਕ ਵਿਚੋਂ



www.AKJ.Org

# ''ਮਾਇਆਧਾਰੀ ਅਤਿ ਅੰਨਾ ਬੋਲਾ''

ਮ: ੩, ਵਾਰ ਗਉੜੀ—੩੧੩

[ ਪ੍ਰੋਫ਼ੈਸਰ ਹਰਨਾਮ ਸਿੰਘ ਜੀ, W-139, ਗ੍ਰੇਟਰ ਕੈਲਾਸ਼ I, ਨਵੀਂ ਦਿਲੀ 48 ]

ਮਾਇਆ ਸ਼ਬਦ ਦੀ ਵਰਤੋਂ ਐਸ਼ਵਰਜ ਦੇ ਸਾਰੇ ਸਾਮਾਨਾਂ, ਧਨ, ਛਲ, ਕਪਟ, ਅਗਿਆਨਤਾ, ਜਾਦੂ, ਇੰਦਰਜਾਲ, ਸੰਪਤੀ ਪਦਾਰਥ ਲਈ ਕੀਤੀ ਜਾਂਦੀ ਹੈ। ਪਰ ਸਾਧਾਰਨ ਬੋਲਚਾਲ ਵਿਚ ਮਾਇਆ ਪੈਸੇ ਨੂੰ ਹੀ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਇਸ ਸ਼ਬਦ ਦੀ ਵਰਤੋਂ ਕਾਫ਼ੀ ਮਾਤਰਾ ਵਿਚ ਧਨ ਲਈ ਮਿਲਦੀ ਹੈ। ਇਸ ਤਰ੍ਹਾਂ ਮਾਇਆਧਾਰੀ, ਪੂੰਜੀਪਤੀ, ਪੈਸੇ ਵਾਲਾ ਵਿਅਕਤੀ ਹੀ ਹੁੰਦਾ ਹੈ।

ਉਪਰੋਕਤ ਮਹਾਂਵਾਕ ਵਿਚ ਤੀਜੇ ਗੁਰਦੇਵ ਜੀ ਨੇ ਮਾਇਆਧਾਰੀ ਨੂੰ ਅਤਿਅੰਤ ਅੰਨ੍ਹਾ ਤੇ ਬੋਲਾ ਕਿਹਾ ਹੈ, ਕਿਉਂਕਿ ਉਹ ਮਾਇਆ ਦੇ ਮਦ ਵਿਚ ਮਤਾ ਹੋਇਆ ਨ ਤਾਂ ਸਹੀ ਢੰਗ ਨਾਲ ਵੇਖਦਾ ਹੈ ਕਿ ਕੀ ਕਰਨਾ ਠੀਕ ਹੈ ਤੇ ਨ ਹੀ ਉਹ ਕਿਸੇ ਦੀ ਗੱਲ ਸੁਣਨ ਲਈ ਤਿਆਰ ਹੁੰਦਾ ਹੈ। ਇਸ ਪਖੋਂ ਉਹ ਅੰਨ੍ਹਾ ਤੇ ਬੋਲਾ ਹੀ ਹੁੰਦਾ ਹੈ। ਉਹ ਆਪਣੀ ਮਨਮਾਨੀ ਕਰਦਾ ਹੈ, ਇਉਂ ਅੱਖਾਂ ਤੇ ਕੰਨ ਹੁੰਦੇ ਹੋਇਆਂ ਵੀ ਉਹ ਅੰਨ੍ਹਾ ਤੇ ਬੋਲਾ ਬਣਿਆ ਰਹਿੰਦਾ ਹੈ। ਮਾਇਆ ਦੇ ਮਦ ਨੇ ਉਸ ਦੀ ਸਹੀ ਵੇਖਣ ਤੇ ਸੁਣਨ ਦੀ ਸ਼ਕਤੀ ਖ਼ਤਮ ਕਰ ਦਿਤੀ ਹੁੰਦੀ ਹੈ।

ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਅਟੱਲ ਸਚਾਈਆਂ ਪੇਸ਼ ਕੀਤੀਆਂ ਹਨ। ਇਹ ਵੀ ਇਕ ਅਟੱਲ ਸਚਾਈ ਹੈ। ਅਜ ਤੋਂ ਲਗ ਪਗ ਚਾਰ ਕੁ ਸੌ ਸਾਲ ਪਹਿਲਾਂ ਉਚਾਰਨ ਕੀਤੇ ਇਹ ਬਚਨ ਅਜ ਵੀ ਓਦੋਂ ਵਾਂਗ ਸੱਚੇ ਸਿੱਧ ਹੋ ਰਹੇ ਹਨ, ਕਿਉਂਕਿ—

ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥ —ਸਲੋਕ ਮ: ੧—੯੫੬-੫੭

ਅਥਵਾ—''ਸਚੁ ਪੁਰਾਣਾ ਨ ਥੀਐ ਨਾਮੁ ਨ ਮੈਲਾ ਹੋਇ ॥ —ਮ: ੩—੧੨੪੮

ਵਰਤਮਾਨ ਸਮੇਂ ਵਿਚ ਵੀ ਪੂੰਜੀਪਤੀਆਂ ਦੀ ਓਹੋ ਜਹੀ ਬਿਰਤੀ ਹੈ, ਜਿਹੋ ਜਹੀ ਗੁਰੂ ਸਾਹਿਬਾਨ ਦੇ ਸਮੇਂ ਸੀ। ਸਾਡੇ ਸਾਰੇ ਸੰਸਾਰੀ ਰਿਸ਼ਤੇ ਨਾਤੇ ਮਾਇਆ ਤੇ ਆਧਾਰਤ ਹਨ—

ਇਸਤ੍ਰੀ ਪੁਰਖੈ ਦਾਮ ਹਿਤੁ, ਭਾਵੈਂ ਆਇ ਕਿਥਾਊਂ ਜਾਈ ॥੧॥੩੦॥ ਭਾ: ਗੁਰਦਾਸ ਜੀ

ਏਸੇ ਤਰ੍ਹਾਂ— ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ॥

ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥੪॥ ਗਉੜੀ ਮ: ੧—੧੫੫

ਇਨ੍ਹਾਂ ਮਹਾਂਵਾਕਾਂ ਤੋਂ ਸਿੱਧ ਹੁੰਦਾ ਹੈ ਕਿ ਸਾਡੇ ਸਾਰੇ ਸੰਬੰਧ ਮਾਇਆਵੀ ਹਨ, ਇਹ ਸੋਨੇ-ਚਾਂਦੀ ਨਾਲ ਹੀ ਨਾਪੇ ਜੋਖੇ ਜਾਂਦੇ ਹਨ। ਮਾਇਆ ਇਨ੍ਹਾਂ ਰਿਸ਼ਤਿਆਂ ਦਾ ਧੁਰਾ ਹੈ, ਇਨ੍ਹਾਂ ਦਾ ਆਧਾਰ ਹੈ, ਚਾਹੇ ਇਹ ਆਧਾਰ ਅਸਲੋਂ ਹੀ ਜਰਜਰਾ ਹੈ।

ਮਾਇਆ ਦਾ ਲੋਭ ਮਨੁੱਖ ਪਾਸੋਂ ਬੜੇ ਗ਼ਲਤ ਕੰਮ ਕਰਵਾਂਦਾ ਹੈ, ਪਰ ਗੁਰੂ ਕੇ ਸਿਖ ਲਈ ਦੂਜੇ ਦਾ ਗਲ ਘੁਟ ਕੇ, ਦੂਜੇ ਦਾ ਹੱਕ ਮਾਰ ਕੇ, ਲੁੱਟ ਖਸੁੱਟ ਕਰ ਕੇ ਮਾਇਆ ਇਕੱਠੀ ਕਰਨੀ ਤੇ ਉਸ ਨੂੰ ਐਸ਼-ਇਸ਼ਰਤ ਦਾ ਸਾਧਨ ਬਨਾਣਾ ਬਿਲਕੁਲ ਵਰਜਿਤ ਹੈ। ਸਿਖ ਲਈ ਤਾਂ ਹੁਕਮ ਹੈ—

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥੨੨॥ ਸਲੋਕ ਮ: ੧—੧੨੪੫

ਗੁਰਦੇਵ ਨੇ ਏਸੇ ਲਈ ਧਰਮ ਦੀ ਕਿਰਤ ਕਰਨ ਤੇ ਵੰਡ ਕੇ ਛਕਣ ਦੀ ਪਿਰਤ ਚਲਾਈ। ਲੰਗਰ ਦੀ ਪ੍ਰਥਾ ਨਾਲ ਇਨ੍ਹਾਂ ਦੋਹਾਂ ਅਮਲਾਂ ਨੂੰ ਜੋੜ ਦਿਤਾ। ਸਤਿਗੁਰੂ ਨਾਨਕ ਦੇਵ ਜੀ ਨੇ 'ਸੱਚਾ ਸੌਦਾ' ਕਰ ਕੇ ਮਾਇਆ ਦੇ ਤਿਆਗ ਦਾ ਪਹਿਲਾ ਪ੍ਰਮਾਣ ਦਿਤਾ ਤੇ ਮਾਇਆ ਸਫਲ ਕਰਨ ਦਾ ਸੁਚੱਜਾ ਢੰਗ ਸਿਖਾਇਆ। ਭੂਮੀਏ ਚੋਰ ਨੂੰ ਵੀ ਦਿਤੇ ਗਏ ਉਪਦੇਸ਼ ਪਿਛੇ ਇਹੀ ਸਿਧਾਂਤ ਕੰਮ ਕਰ ਰਿਹਾ ਸੀ। ਮਲਕ ਭਾਗੋ, ਉਸ ਸਮੇਂ ਦਾ ਮਾਇਆਧਾਰੀ ਇਕ ਪਰਗਣੇ ਦਾ ਹਾਕਮ ਸੀ। ਗੁਰਦੇਵ ਨੇ ਉਸ ਵਲੋਂ ਪਾਪ ਦੀ ਕਮਾਈ ਨਾਲ ਚਲਾਏ ਜਾ ਰਹੇ ਬ੍ਰਹਮ-ਭੋਜ ਨੂੰ



www.AKJ.Org

ਕੇਵਲ ਅਸਵੀਕਾਰ ਹੀ ਨਹੀਂ ਕੀਤਾ, ਸਗੋਂ ਆਪ ਨੇ ਉਸ ਅੰਨ੍ਹੇ ਬੋਲੇ ਮਾਇਆਧਾਰੀ ਦੀ ਪਾਪ ਦੀ ਕਮਾਈ ਵਿਚੋਂ ਗ਼ਰੀਬਾਂ ਮਜ਼ਲੂਮਾਂ ਤੇ ਮਾਸੂਮਾਂ ਦਾ ਖ਼ੂਨ ਨਿਚੋੜ ਕੇ ਦਿਖਾ ਦਿਤਾ ਤੇ ਉਸਨੂੰ ਅੱਖਾਂ ਤੇ ਕੰਨ ਬਖ਼ਸ਼ੇ। ਗੁਰਦੇਵ ਨੇ ਪਰਾਏ ਹੱਕ ਤੇ ਛਾਪਾ ਮਾਰ ਕੇ ਭੰਡਾਰੇ ਕਰ ਕੇ ਵਾਹ ਵਾਹ ਕਰਵਾਣ ਵਾਲੇ ਪਾਜੀ ਦਾ ਪਾਜ ਖੋਲ੍ਹਿਆ। ਆਪ ਨੇ ਤਾਂ ਪਰਾਏ ਹਕ ਬਾਰੇ ਡੰਕੇ ਦੀ ਚੋਟ ਨਾਲ ਕਿਹਾ ਸੀ–

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥੨॥੭॥–ਮ: ੧–੧੪੧

ਸਤਿਗੁਰੂ ਨਾਨਕ ਦੇਵ ਜੀ ਤੋਂ ਛੁੱਟ ਤੀਸਰੇ ਗੁਰਦੇਵ ਜੀ ਨੇ ਵੀ ਮਾਇਆ ਦੀ ਪਕੜ ਦੇ ਤਿਆਗ ਦੀ ਅਤਿਅੰਤ ਸੁੰਦਰ ਮਿਸਾਲ ਪੇਸ਼ ਕੀਤੀ। ਹਰ ਰੋਜ਼ ਰਾਤ ਨੂੰ ਲੰਗਰ ਦੀ ਬਚੀ ਸਾਰੀ ਸਮੱਗਰੀ ਬਿਆਸਾ ਵਿਚ ਜਲ-ਜੰਤੂਆਂ ਦੇ ਆਹਾਰ ਲਈ ਸੁਟਵਾ ਦਿਤੀ ਜਾਂਦੀ ਸੀ, ਤਾਂ ਜੁ ਗੁਰਸਿਖਾਂ ਵਿਚ ਵਾਹਿਗੁਰੂ ਵਿਚ ਭਰੋਸਾ ਤੇ ਤਿਆਗ ਦੀ ਭਾਵਨਾ ਬਣੀ ਰਹੇ। ਦਸਮੇਸ਼ ਜੀ ਦਾ ਬਾਲ-ਅਵਸਥਾ ਵਿਚ ਪਟਨੇ ਗੰਗਾ ਵਿਚ ਇਕ ਕੰਗਣ ਦੇ ਡਿਗ ਪੈਣ ਮਗਰੋਂ ਦੂਜਾ ਵੀ ਲਾਹ ਕੇ ਗੰਗਾ ਦੀ ਭੇਟ ਕਰ ਦੇਣ ਦਾ ਚੋਜ ਵੀ ਇਸੇ ਤਿਆਗ ਦਾ ਸੂਚਕ ਹੈ। ਏਸੇ ਤਰ੍ਹਾਂ ਆਪ ਜੀ ਨੇ ਹੈਦਰਾਬਾਦ ਦੇ ਵਣਜਾਰੇ, ਦੀਵਾਨ ਚੰਦੂ ਲਾਲ, ਦੇ ਨਗੀਨੇ ਨੂੰ ਗੋਦਾਵਰੀ ਵਿਚ ਸੁਟ ਕੇ ਤੇ ਬਹਾਦਰ ਸ਼ਾਹ ਵਲੋਂ ਭੇਟਾ ਕੀਤਾ ਗਿਆ ਵਡਮੁਲਾ ਹੀਰਾ ਵੀ ਨਦੀ ਵਿਚ ਸੁਟ ਕੇ ਮਾਇਆ ਦੇ ਤਿਆਗ ਦੀ ਅਦੁਤੀ ਮਿਸਾਲ ਪੇਸ਼ ਕੀਤੀ। ਨਗੀਨਾ-ਘਾਟ ਤੇ ਹੀਰਾ-ਘਾਟ ਗੁਰ-ਅਸਥਾਨ ਇਸ ਤਿਆਗ ਦੀ ਗਵਾਹੀ ਅਜ ਵੀ ਭਰ ਰਹੇ ਹਨ।

ਦੌਲਤ ਗੁਜ਼ਰਾਨ ਲਈ ਹੁੰਦੀ ਹੈ, ਪਰ ਮਾਇਆਧਾਰੀ ਇਸ ਅਸਲੀਅਤ ਨੂੰ ਨਹੀਂ ਸਮਝਦੇ। ਉਹ ਇਸ ਗੱਲੋਂ ਬਿਲਕੁਲ ਹੀ ਅਵੇਸਲੇ ਹੁੰਦੇ ਹਨ ਕਿ ਇਹ ਮਾਇਆ–

ਪਾਪਾ ਬਾਝਹੁ ਹੋਵੈ ਨਾਹੀ ਮੋਇਆ ਸਾਥਿ ਨ ਜਾਈ ॥੩॥ ਆਸਾ ਮ: ੧–੪੧੭

ਜੇਕਰ ਇਹਨੇ ਸਾਥ ਹੀ ਨਹੀਂ ਜਾਣਾ ਤਾਂ ਫਿਰ ਇਸਨੂੰ ਇਕੱਠਿਆਂ ਕਰਨ ਲਈ ਪਾਪ ਹੀ ਕਿਉਂ ਕੀਤੇ ਜਾਣ ?

ਸਾਮੰਤੀ ਸ਼ਾਸਨ-ਕਾਲ ਵਿਚ ਮਾਇਆ ਕਾਰਨ ਹੀ ਸਮਾਜ ਵਿਚ ਗਿਰਾਵਟ ਆਈ। ਮਾਇਆ ਕਾਰਨ ਸਾਮੰਤ ਐਸ਼-ਇਸ਼ਰਤ ਵਿਚ ਪੈ ਗਏ। ਸਿੱਟਾ ਇਹ ਹੋਇਆ ਕਿ ਸਾਮੰਤੀ ਰਾਜਿਆਂ ਵਿਚ ਸ਼ਰਾਬ, ਬਹੁ-ਇਸਤ੍ਰੀ ਗਮਨ, ਈਰਖਾ ਤੇ ਵੈਰ ਵਿਰੋਧ, ਰਾਜ-ਪਲਟੇ, ਖੜ ਯੰਤਰ, ਭਰਾ ਭਰਾ ਵਿਚ ਪਾਟੋ-ਧਾੜ, ਕਤਲ, ਬਗਾਵਤਾਂ ਆਦਿ ਬੁਰਾਈਆਂ ਘਰ ਕਰ ਗਈਆਂ। ਫਲ ਇਹ ਹੋਇਆ ਕਿ ਵਿਦੇਸ਼ੀ ਤਾਕਤਾਂ ਨੇ ਆ ਡੇਰੇ ਲਾਏ, ਦੇਸ਼ ਨਿਸੱਤੇ ਹੋ ਕੇ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਗਏ। ਸਮਾਜਕ, ਆਰਥਕ, ਰਾਜਨੀਤਕ, ਨੈਤਕ ਤੇ ਧਾਰਮਕ ਅਧੋਗਤੀ ਕਾਰਨ ਕੌਮਾਂ ਸਾਹ-ਸਤ-ਹੀਣ ਹੋ ਗਈਆਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਦੇ ਹਾਲਾਤ ਤੇ ਪ੍ਰਕਾਸ਼ ਪਾਂਦਿਆਂ ਇਸ ਸਚਾਈ ਨੂੰ ਇਉਂ ਪ੍ਰਗਟ ਕੀਤਾ :–

ਧਨੁ ਜੋਬਨੁ ਦੁਇ ਵੈਰੀ ਹੋਇ ਜਿਨ੍ਹੀ ਰਖੇ ਰੰਗੁ ਲਾਇ ॥੪॥੧੧॥ –ਆਸਾ ਮ: ੧–੪੧੭

ਮਾਇਆ ਨੂੰ ਨਾਗਨੀ, ਭੁਇੰਗਮ, ਸਰਪ ਆਦਿ ਜ਼ਹਿਰੀਲੇ ਕੀਟਾਂ ਨਾਲ ਤੁਲਨਾ ਦਿਤੀ ਗਈ ਹੈ। ਇਸਦਾ ਲੱਛਣ ਇਹ ਹੈ ਕਿ ਜਿਹੜਾ ਵੀ ਇਸ ਨਾਲ ਮੋਹ ਪਾਂਦਾ ਹੈ, ਇਹ ਓਸੇ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ :–

ਮਾਇਆ ਹੋਈ ਨਾਗਨੀ ਜਗਤ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥੨॥੫॥ ਮ: ੩–੫੧੦

ਅਤੇ–ਮਾਇਆ ਐਸੀ ਮੋਹਨੀ ਭਾਈ ॥ ਜੇਤੇ ਜੀਅ ਤੇਤੇ ਡਹਕਾਈ ॥–ਭੈਰਉ ਕਬੀਰ ਜੀ, ੧੧੫੮

ਇਹ ਸਰਪਨੀ, ਇਹ ਠਗਣੀ ਇਤਨੀ ਬਲਵਾਨ ਹੈ ਕਿ ਇਸਨੇ ਬ੍ਰਹਮਾ, ਵਿਸ਼ਨੂੰ, ਮਹਾਦੇਵ ਆਦਿ ਮਹਾਨ ਦੇਵਤਿਆਂ ਨੂੰ ਵੀ ਨਹੀਂ ਛਡਿਆ। ਉਨ੍ਹਾਂ ਨੂੰ ਵੀ ਇਸ ਨੇ ਆਪਣੇ ਬਲ ਨਾਲ ਛਲ ਲਿਆ। ਉਹ ਵੀ ਇਸਦੇ ਪ੍ਰਭਾਓ ਤੋਂ ਨਾ ਬਚ ਸਕੇ :– ਸਰਪਨੀ ਤੇ ਊਪਰਿ ਨਹੀ ਬਲੀਆ ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥

ਆਸਾ ਕਬੀਰ ਜੀ–੪੮੦



www.AKJ.Org

ਜਿਥੇ ਮਾਇਆ ਨੇ ਦੇਵੀ ਦੇਵਤਿਆਂ ਨੂੰ ਆਪਣੀ ਲਪੇਟ ਵਿਚ ਲਿਆ ਕੇ ਖ਼ਰਾਬ ਕੀਤਾ, ਓਥੇ ਵਡੇ ਵਡੇ ਸਮਰਾਟ ਵੀ ਇਸ ਦੇ ਅਸਰ ਤੋਂ ਬਚ ਨਹੀਂ ਸਕੇ :–

ਮਾਇਆ ਸੰਚਿ ਰਾਜੇ ਅਹੰਕਾਰੀ ॥ ਮਾਇਆ ਸਾਥਿ ਨ ਚਲੈ ਪਿਆਰੀ॥੨॥ ਪ੍ਰਭਾਤੀ ਮ: ੧–੧੩੪

ਇਤਨੀ ਪਿਆਰੀ ਲਗਣ ਵਾਲੀ ਮਾਇਆ ਸੌ ਹੀਲੇ ਕਰਨ ਤੇ ਵੀ ਨਾਲ ਨਹੀਂ ਜਾਂਦੀ । ਔਰੰਗਜ਼ੇਬ ਵਰਗੇ ਮਾਇਆ ਦੇ ਮਦ ਵਿਚ ਮਤੇ ਹੋਇ ਬਾਦਸ਼ਾਹਾਂ ਨੇ ਮਹਾਂਪੁਰਸ਼ਾਂ ਦੇ ਸੱਚੇ ਤੇ ਸੁੱਚੇ ਜੀਵਨ ਤੋਂ ਕੋਈ ਪ੍ਰੇਰਨਾ ਨ ਲਈ, ਅਤੇ ਉਨ੍ਹਾਂ ਨਾਲ ਵੈਰ ਕਮਾਇਆ । ਸਗੋਂ ਮਾਇਆ ਦੇ ਅੰਨ੍ਹੇ ਬੋਲੇ ਕੀਤੇ ਹੋਏ, ਆਪਣੇ ਸੱਕੇ ਭਰਾਵਾਂ ਤੇ ਬਾਪ ਤਕ ਨੂੰ ਵੀ ਕਤਲ ਕਰਨ ਤੋਂ ਨਾ ਟਲੇ । ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੇ ਵੀ ਰਾਜ ਦੇ ਨਸ਼ੇ ਵਿਚ ਮਾਸੂਮ ਜਿੰਦੜੀਆਂ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰਵਾ ਦਿਤਾ । ਇਹੋ ਜਹੇ ਜਰਵਾਣਿਆਂ ਦਾ ਜੋ ਅੰਤ ਹੋਇਆ, ਇਤਿਹਾਸ ਗਵਾਹ ਹੈ । ਅੰਨ੍ਹਿਆਂ ਨੂੰ ਇਹ ਨ ਸੁਝਿਆ ਕਿ ਮਾਸੂਮਾਂ ਦੀ ਸ਼ਹੀਦੀ ਉਨ੍ਹਾਂ ਦੇ ਰਾਜ ਦੀਆਂ ਜੜ੍ਹਾਂ ਉਖੇੜ ਸੁਟੇਗੀ । ਉਹ ਮਾਇਆ ਦੇ ਮਦ ਕਾਰਨ ਅੰਨ੍ਹੇ ਹੋ ਰਹੇ ਸਨ ਤੇ ਆਜ਼ਾਦੀ ਲਈ ਜੋ ਮਹਾਨ ਲਹਿਰ ਗੁਰੂ ਸਾਹਿਬਾਨ ਨੇ ਚਲਾਈ ਸੀ, ਉਸਨੂੰ ਠਲ੍ਹ ਪਾਣ ਦਾ ਕੁਹਜਾ ਤੇ ਨਿਸਫਲ ਜਤਨ ਕਰ ਰਹੇ ਸਨ । ਪਰ ਉਨ੍ਹਾਂ 'ਮਾਇਆ ਕੇ ਦੇਵਾਨੇ' ਪ੍ਰਾਣੀਆਂ ਨੂੰ ਕੋਈ ਸਫਲਤਾ ਨ ਮਿਲੀ, ਦੁਨੀਆ ਤੋਂ ਉਨ੍ਹਾਂ ਦਾ ਨਾਮੋ ਨਿਸ਼ਾਨ ਮਿਟ ਗਿਆ । ਸਗੋਂ ਉਹ ਆਪਣੀਆਂ ਕਾਲੀਆਂ ਕਰਤੂਤਾਂ ਕਰਕੇ ਇਤਿਹਾਸ ਦੇ ਪੰਨਿਆਂ ਵਿਚ ਸਦਾ ਲਈ ਕਲੰਕਤ ਹੋ ਗਏ ।

ਅਜ ਦੇ ਯੁਗ ਵਿਚ ਸਾਮਰਾਜੀ ਸ਼ਕਤੀਆਂ ਮਾਇਆ ਦੇ ਬਲ 'ਤੇ ਸੰਸਾਰ ਦੇ ਵਖ ਵਖ ਹਿਸਿਆਂ ਵਿਚ ਮਨੁਖ ਨੂੰ ਮਨੁਖ ਨਾਲ ਲੜਾ ਰਹੀਆਂ ਹਨ । ਵਿਨਾਸ਼ਕਾਰੀ ਹਥਿਆਰਾਂ ਦੀ ਕਾਢ ਕਢੀ ਜਾ ਚੁਕੀ ਹੈ । ਪੂੰਜੀਪਤੀ ਦੇਸ਼ ਦੁਨੀਆ ਨੂੰ ਉਂਗਲਾਂ ਤੇ ਨਚਾ ਰਹੇ ਹਨ । ਇਨਸਾਫ਼, ਦਇਆ, ਉਪਕਾਰ, ਅਹਿੰਸਾ, ਪ੍ਰੇਮ, ਮਿਲਵਰਤਣ, ਸਾਂਝੀਵਾਲਤਾ ਆਦਿ ਗੁਣਾਂ ਦੇ ਪ੍ਰਸਾਰ ਦੀ ਥਾਂ ਈਰਖਾ, ਘਿਰਣਾ, ਵੈਰ ਵਿਰੋਧ, ਹਿੰਸਾ, ਬਦਲੇ ਦੀ ਭਾਵਨਾ ਆਦਿ ਅਉਗੁਣਾਂ ਦਾ ਪ੍ਰਚਾਰ ਹੋ ਰਿਹਾ ਹੈ । ਇਹ ਵਡ-ਅਕਲੀਆ ਇਨਸਾਨ, ਮਾਇਆ ਦੇ ਅਸਰ ਹੇਠਾਂ ਰੱਬ ਤੋਂ ਭੁਲ ਕੇ, ਪਤਾ ਨਹੀਂ ਕਿਹੜੇ ਕਾਰੇ ਕਰ ਵਿਖਾਏਗਾ !

ਗੁਰੂ ਕਾ ਸਿਖ ਗੁਰਬਾਣੀ ਦੇ ਚਾਨਣੇ ਵਿਚ ਮਾਇਆ ਦੇ ਬੁਰੇ ਅਸਰਾਂ ਤੋਂ ਬਚ ਸਕਦਾ ਹੈ । ਗੁਰੂ ਸਾਹਿਬਾਨ ਨੇ ਸਿੱਖਾਂ ਲਈ ਦਸਵੰਧ ਦੀ ਪ੍ਰਥਾ ਚਲਾਈ, ਤਾਂ ਜੁ ਉਹ ਮਾਇਆ ਦੇ ਤਿਆਗ ਨੂੰ ਆਪਣੇ ਜੀਵਨ ਵਿਚ ਪਰਪੱਕ ਕਰ ਲੈਣ । ''ਘਾਲਿ ਖਾਇ ਕਿਛੁ ਹਥਹੁ ਦੇਇ'' ਦਾ ਉਪਦੇਸ਼ ਏਸੇ ਲਈ ਦਿਤਾ ਗਿਆ ਕਿ ਸਿੱਖ ਮਾਇਆ ਦੀ ਪਕੜ ਤੋਂ ਦੂਰ ਰਹਿਣ । ਮਾਇਆ ਦਾ ਲਾਲਚ ਉਨ੍ਹਾਂ ਨੂੰ ਉਨ੍ਹਾਂ ਦੇ ਅਕੀਦੇ ਤੋਂ ਡੋਲਣ ਨ ਦੇਵੇ । ਸਿਖ ਦੀ ਆਪਣੇ ਗੁਰਦੇਵ ਅਗੇ ਤਾਂ ਅਰਦਾਸ ਹੀ ਇਹੀ ਹੁੰਦੀ ਹੈ :–

ਦਾਣਾ ਪਾਣੀ ਗੁਰੂ ਕਾ, ਟਹਿਲ ਭਾਵਨੀ ਤੇਰੇ ਦਾਸ ਕੀ ॥

ਸਿਖ ਸਭ ਕੁਝ ਗੁਰੂ ਦਾ ਹੀ ਸਮਝਦਾ ਹੈ ਤੇ ਉਸਦੀ ਤਾਂ ਕੇਵਲ ਨਿਮਾਣੇ ਜਹੇ ਢੰਗ ਨਾਲ ਕੀਤੀ ਸੇਵਾ ਹੀ ਹੁੰਦੀ ਹੈ । ਜੇਕਰ ਗੁਰੂ ਸੱਚਾ ਪਾਤਸ਼ਾਹ ਇਹ ਸੇਵਾ ਪ੍ਰਵਾਨ ਕਰ ਲਵੇ ਤਾਂ ਉਹ ਆਪਣੇ ਧੰਨ ਭਾਗ ਸਮਝਦਾ ਹੈ ।

ਅਜੋਕੇ ਸਮੇਂ ਵਿਚ ਪਦਾਰਥਵਾਦੀ ਰੁਚੀਆਂ ਵਧੇਰੇ ਪ੍ਰਬਲ ਹੋ ਰਹੀਆਂ ਹਨ । ਪਰਮਾਰਥ ਦੇ ਖੇਤਰ ਵਿਚ ਵੀ ਪਦਾਰਥ ਨੂੰ ਘਸੀਟਿਆ ਜਾ ਰਿਹਾ ਹੈ । ਗੋਲਕਾਂ ਤੇ ਨਜ਼ਰ ਰਖ ਕੇ ਗੁਰਦੁਆਰਾ-ਪ੍ਰਬੰਧ ਲਈ ਚੋਣਾਂ ਲੜੀਆਂ ਜਾਂਦੀਆਂ ਹਨ । ਕਿਤਨੀ ਦੁਖਦਾਈ ਗੱਲ ਹੈ !

ਮਾਇਆ ਜੇਵਡੁ ਦੁਖੁ ਨਹੀ, ਸਭਿ ਭਵਿ ਥਕੇ ਸੰਸਾਰੁ ॥੩॥ –ਸਿਰੀ ਰਾਗੁ ਮ: ੩–੩੯

ਮਾਇਆ ਦੇ ਬੰਧਨ ਤਾਂ ਕੇਵਲ ਵਾਹਿਗੁਰੂ ਦੀ ਕਿਰਪਾ ਨਾਲ ਹੀ ਕਟੇ ਜਾ ਸਕਦੇ ਹਨ । ਓਸੇ ਦੀ ਓਟ ਤੇ ਆਸਰਾ ਇਸ ਦਲਦਲ ਵਿਚੋਂ ਕਢ ਸਕਦੇ ਹਨ :–

ਮਾਇਆ ਬੰਧ ਕਾਟੇ ਕਿਰਪਾ ਨਿਧਿ, ਨਾਨਕ ਆਪਿ ਉਧਾਰਿਓ ॥੨॥੬॥–ਦੇਵ ਗੰਧਾਰੀ–੫੨੯

[ਬਾਕੀ ੧੯ ਸਫ਼ੇ ਦੇ ਹੇਠ]



www.AKJ.Org

# ਭੁਝੰਗੀਆਂ ਦੀ ਬੀਰ-ਗਾਥਾ

[ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ]

ਪੰਜਾਬ ਦੇ ਇਤਿਹਾਸ ਵਿਚ ਸਿਖ ਭੁਝੰਗੀਆਂ ਦੀ ਬੀਰ-ਗਾਥਾ ਦਾ ਕਈ ਥਾਂ ਚਰਚਾ ਹੈ। ਪਹਿਲਾਂ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਜਿਵੇਂ ਨਿਰਭੈਤਾ ਦੇ ਦ੍ਰਿੜ੍ਹਤਾ ਦਾ ਸਬੂਤ ਦੇ ਕੇ ਆਪਣਾ ਬਲੀਦਾਨ ਦਿਤਾ, ਦੀ ਘਟਨਾ ਰੌਂਗਟੇ ਖੜੇ ਕਰਨ ਵਾਲੀ ਹੈ, ਅਤੇ ਉਸ ਘਟਨਾ ਨੇ ਤਮਾਮ ਛੋਟੇ ਵਡੇ ਪੰਜਾਬੀਆਂ ਨੂੰ ਡੂੰਘੀ ਤਰ੍ਹਾਂ ਪ੍ਰਭਾਵਤ ਕੀਤਾ ਹੈ।

(੨) ਫਿਰ ਜਿਸ ਸਮੇਂ ਮੁਗ਼ਲਾਂ ਦੇ ਜ਼ਮਾਨੇ ਦਿੱਲੀ ਵਿਚ ਸਿੱਖਾਂ ਦਾ ਕਤਲਾਮ ਹੋਣ ਲਗਾ ਤਾਂ ਇਨ੍ਹਾਂ ਫੜੇ ਗਏ ਸਿੱਖਾਂ ਵਿਚ ਇਕ ਛੋਟੀ ਉਮਰ ਦਾ ਭੁਝੰਗੀ ਵੀ ਸੀ। ਜਦ ਉਸ ਦੀ ਮਾਤਾ ਨੂੰ ਪਤਾ ਲਗਾ ਕਿ ਮੇਰਾ ਬੱਚਾ ਸਿੱਖਾਂ ਦੇ ਨਾਲ ਫੜਿਆ ਗਿਆ ਅਤੇ ਦਿੱਲੀ ਲਿਆਂਦਾ ਗਿਆ ਹੈ ਤਾਂ ਉਹ ਵਿਚਾਰੀ ਮਮਤਾ ਦੀ ਮਾਰੀ ਭਜੀ ਭਜੀ ਬਾਦਸ਼ਾਹ ਫ਼ਰੁਖਸੀਯਰ ਦੇ ਦਰਬਾਰ ਆਈ ਤੇ ਆਪਣੀ ਅਰਜ਼ੀ ਅੰਦਰ ਪਹੁੰਚਾਈ।

ਬਾਦਸ਼ਾਹ ਨੇ ਸਾਰੀ ਗੱਲ ਸਮਝ ਕੇ ਸਰਬਰਾਹ ਖ਼ਾਂ ਕੋਤਵਾਲ ਨੂੰ ਕਹਿਲਾ ਭੇਜਿਆ ਕਿ ਇਸ ਮਾਈ ਦੇ ਬੱਚੇ ਨੂੰ ਛਡ ਦਿਤਾ ਜਾਵੇ, ਕਿਉਂਕਿ ਉਹ ਭੁਲੇਖੇ ਵਿਚ ਫੜ ਕੇ ਲਿਆਂਦਾ ਗਿਆ ਹੈ।

ਇਹ ਪਰਚਾ ਲੈ ਕੇ ਮਾਈ ਦੌੜੀ-ਦੌੜੀ ਉਸ ਕਤਲਗਾਹ ਪਾਸ ਪਹੁੰਚੀ ਤੇ ਸਾਰੀ ਵਿਥਿਆ ਦਸੀ। ਉਸ ਸਮੇਂ ਕਤਾਰਾਂ ਵਿਚ ਖੜੋਤੇ ਸਿੱਖਾਂ ਦੀ ਕਤਲਾਮ ਜਾਰੀ ਸੀ, ਤੇ ਵਾਰੀ ਵਾਰੀ ਹਰ ਸਿਖ ਦਾ ਸੀਸ ਕਟਿਆ ਜਾ ਰਿਹਾ ਸੀ। ਮਾਈ ਨੇ ਆਪਣਾ ਬੱਚਾ ਦੇਖਿਆ ਤੇ ਦੌੜ ਕੇ ਅਗੇ ਹੋ ਕੇ ਉਚੀ ਉਚੀ ਪੁਕਾਰਿਆ ਕਿ "ਔਹ ਮੇਰਾ ਲਾਲ ਗਲਤੀ ਨਾਲ ਫੜ ਕੇ ਇਥੇ ਲਿਆਂਦਾ ਗਿਆ ਹੈ, ਇਸ ਦਾ ਸਿੱਖਾਂ ਨਾਲ ਕੋਈ ਸੰਬੰਧ ਨਹੀਂ, ਇਸ ਨੂੰ ਛਡ ਦਿਤਾ ਜਾਵੇ। ਇਹ ਮਿਹਰਬਾਨ ਬਾਦਸ਼ਾਹ ਦਾ ਫ਼ੁਰਮਾਨ ਹੈ।"

ਇਹ ਕਹਿੰਦਿਆਂ ਉਸ ਨੇ ਉਹ ਰੁੱਕਾ ਕੋਤਵਾਲ ਦੇ ਹਵਾਲੇ ਕਰ ਦਿਤਾ। ਕੋਤਵਾਲ ਨੇ ਫ਼ੌਰਨ ਸਿਪਾਹੀ ਭੇਜ ਕੇ ਉਸ ਬਾਲਕ ਨੂੰ ਧਰੂਹ ਲਿਆਂਦਾ। ਲੇਕਿਨ ਇਸ ਭੁਝੰਗੀ ਦੇ ਦਿਲ ਵਿਚ ਸਿੰਘਾਂ ਦੀਆਂ ਕੁਰਬਾਨੀਆਂ ਸਾਹਵੇਂ ਦੇਖ ਕੇ ਇਤਨਾ ਚਾਉ ਤੇ ਵਲਵਲਾ ਪੈਦਾ ਹੋ ਗਿਆ ਕਿ ਉਸ ਨੇ ਆਪਣੀ ਮਾਤਾ ਨਾਲ ਜਾਣੋਂ ਇਨਕਾਰ ਕਰ ਦਿਤਾ ਤੇ ਜ਼ੋਰ ਜ਼ੋਰ ਦੀ ਉਚੀ ਅਵਾਜ਼ ਨਾਲ ਕਿਹਾ—

"ਮੇਰੀ ਮਾਂ ਝੂਠ ਬੋਲ ਰਹੀ ਹੈ। ਮੈਂ ਸਿੱਖਾਂ ਦੇ ਨਾਲ ਹੀ ਆਇਆ ਹਾਂ ਤੇ ਦਿਲੋਂ ਮਨੋਂ ਸਿਖ ਹਾਂ ਤੇ ਸਿਖ ਸੂਰਮਿਆਂ ਵਾਂਗ ਹੀ ਸ਼ਹੀਦੀ ਜਾਮ ਪੀਵਾਂਗਾ।'

ਇਹ ਕਹਿ ਕੇ ਉਹ ਦੁੜੰਗੇ ਮਾਰਦਾ ਮੁੜ ਕਤਲਗਾਹ ਵਲ ਚਲਾ ਗਿਆ ਤੇ ਜੱਲਾਦ ਨੇ ਉਸ ਦਾ ਸੀਸ ਬੜੀ ਬੇਰਹਿਮੀ ਨਾਲ ਕਟ ਕੇ, ਉਸ ਨੂੰ ਆਪਣੇ ਬਜ਼ੁਰਗ ਸਾਥੀਆਂ ਪਾਸ ਪਹੁੰਚਾ ਦਿਤਾ।

ਉਪਰੋਕਤ ਘਟਨਾ ਮੁਸਲਿਮ ਲਿਖਾਰੀ ਖ਼ਾਫ਼ੀ ਖ਼ਾਂ ਨੇ ਅੱਖੀਂ ਵੇਖ ਕੇ ਆਪਣੀ ਫ਼ਾਰਸੀ ਤਵਾਰੀਖ ਵਿਚ ਦਰਜ ਕੀਤੀ ਹੈ।

(੩) ਬੰਦਾ ਸਿੰਘ ਬਹਾਦਰ ਦਾ ਚਾਰ-ਸਾਲਾ ਪੁਤਰ ਅਜੈ ਸਿੰਘ ਵੀ ਇਸੇ ਮੌਕੇ ਤੇ ਬੜੀ ਨਿਰਦਇਤਾ ਨਾਲ ਕਤਲ ਕਰ ਦਿਤਾ ਗਿਆ।

(੪) ਇਸੇ ਤਰ੍ਹਾਂ ਦੀ ਇਕ ਬੀਰ-ਗਾਥਾ ੧੯ਵੀਂ ਸਦੀ ਦੀ ਹੈ। ੧੭ ਜਨਵਰੀ ੧੮੭੨ ਨੂੰ ਮਲੇਰ ਕੋਟਲੇ ਲਾਗੇ ਅੰਗਰੇਜ਼ ਡਿਪਟੀ ਕਮਿਸ਼ਨਰ ਮਿ: ਕਾਵਨ ਨੇ ੫੦ ਨਾਮਧਾਰੀ ਸਿੰਘਾਂ ਨੂੰ ਜਮਾਲਪੁਰੇ ਦੀ ਰਖ ਵਿਚ ਤੋਪਾਂ ਮੂਹਰੇ ਖੜੇ ਕਰ ਕੇ ਉਡਾ ਦਿਤਾ ਸੀ। ਇਨ੍ਹਾਂ ਬੀਰ ਬਹਾਦਰ ਸਿੰਘਾਂ ਵਿਚ ਇਕ ੧੨-੧੩ ਸਾਲ ਦਾ ਭੁਝੰਗੀ ਬਿਸ਼ਨ ਸਿੰਘ ਵੀ ਸੀ, ਪਿੰਡ ਰੜ ਦਾ ਨਿਵਾਸੀ, ਮਾਈ ਪ੍ਰੇਮ ਕੌਰ ਦਾ ਪੁਤਰ। ਜਦੋਂ ਉਸ ਨੇ ਸਿੰਘਾਂ ਦੇ ਤੋਪਾਂ

[ਬਾਕੀ ੧੯ ਸਫ਼ੇ ਦੇ ਹੇਠ]



www.AKJ.Org

# 'ਸੰਤ ਸਿਪਾਹੀ' ਵਲੋਂ ਕੂਹਜੀ ਤੇ ਬੇਬੁਨਿਆਦ ਟਿਪਣੀ

[ ਭਾਈ ਮਦਨ ਸਿੰਘ ਜੀ, ਬਰਮਿੰਘਮ ਯੂ.ਕੇ. ਦੇ ਲੇਖ ਦੇ ਅਧਾਰ ਤੇ ]

'ਸੰਤ ਸਿਪਾਹੀ' ਮਾਸਕ ਪੱਤਰ ਦੇ ਲਿਖਾਰੀ ਗਿ: ਭਗਤ ਸਿੰਘ ਜੀ ਨੇ ਜੁਲਾਈ ੧੯੯੯ ਦੇ ਅੰਕ ਵਿਚ ਇਕ ਲੇਖ ਦਿਤਾ ਹੈ "ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ।" ਇਸ ਲੇਖ ਵਿਚ ਕਿਸੇ ਹੋਰ ਲੇਖਕ ਦੇ "ਗੁਰਮਤ-ਦਰਸ਼ਣ" ਵਿਚ ਛਪੇ ਲੇਖ "ਜਿਸ ਡਿਠੇ ਸਭ ਦੁਖ ਜਾਇ" ਤੇ ਟਿਪਣੀ ਕਰਦਿਆ ਉਨ੍ਹਾਂ ਨੇ ਜੋ ਗੁਰਮਤਿ-ਵਿਰੋਧੀ ਨੁਕਤੇ ਪੇਸ਼ ਕੀਤੇ ਹਨ, ਉਨ੍ਹਾਂ ਵਿਚੋਂ ਦੋ ਹੇਠ ਲਿਖੇ ਹਨ–

1. ਕਿਸੇ ਚੁਬੱਚੇ ਵਿਚ ਅੰਮ੍ਰਿਤ ਹੈ, ਉਸ ਨੂੰ ਪੀ ਕੇ ਰੋਗੀਆਂ ਦੇ ਰੋਗ ਦੂਰ ਹੁੰਦੇ ਹਨ।
2. ਡਾਕਟਰਾਂ ਨੇ ਇਕ ਹੋਰ ਮਰੀਜ਼ ਨੂੰ ਉਸੇ ਅੰਮ੍ਰਿਤ ਦੇ ਛਟੇ ਮਾਰੇ, ਤੇ ਮਰੀਜ਼ ਨੇ ਇਤਨੀ ਵਡੀ ਚੀਕ ਮਾਰੀ ਕਿ ਹਸਪਤਾਲ ਦੇ ਸਾਰੇ ਮਰੀਜ਼ ਇਕੱਠੇ ਹੋ ਗਏ।

ਇਸ ਤਰ੍ਹਾਂ ਦੇ 8-9 ਨੁਕਤਿਆਂ ਤੇ ਟਿਪਣੀ ਕਰਦਿਆਂ ਹੋਇਆਂ ਆਪ ਲਿਖਦੇ ਹਨ–

1. ......ਕਿਸੇ ਗੁਰਦੁਆਰੇ ਦੇ ਫਰਸ਼ ਨੂੰ ਧੋ ਕੇ ਪਾਣੀ ਚੁਬੱਚੇ ਵਿਚ ਜਮ੍ਹਾਂ ਕਰਨ ਨਾਲ ਅੰਮ੍ਰਿਤ ਨਹੀਂ ਬਣ ਜਾਂਦਾ। ਐਸਾ ਸੋਚਣਾ ਮਨ-ਮਤ ਹੈ।

3. ਆਤਮਕ ਰੋਗ ਨਾਮ ਨਾਲ ਦੂਰ ਹੁੰਦੇ ਹਨ। ਸਰੀਰਕ ਰੋਗਾਂ ਲਈ ਅਕਾਲ ਪੁਰਖ ਦੀ ਬਖ਼ਸ਼ੀ ਹੋਈ ਬੁਧੀ ਦੁਆਰਾ ਵਿਗਸਤ ਹੋਏ ਡਾਕਟਰੀ ਗਿਆਨ ਰਾਹੀਂ ਕਿਸੇ ਮੁਆਫ਼ਕ ਡਾਕਟਰ ਤੋਂ ਇਲਾਜ ਕਰਵਾਉਣਾ ਯੋਗ ਹੈ। **ਸਰੀਰਕ ਰੋਗਾਂ ਨੂੰ ਰੂਹਾਨੀਅਤ ਨਾਲ ਜੋੜਨਾ ਠੀਕ ਨਹੀਂ।**

   ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੀਚਕ ਰੋਗ ਕਾਰਨ ਸਮਾਏ ਸਨ। ਗੁਰੂ ਦਰਬਾਰ ਵਿਚ ਵੈਦ ਹਕੀਮ ਰਹੇ ਹਨ, ਜੋ ਅਸਾਧ ਰੋਗੀਆਂ ਨੂੰ ਵੀ ਰਾਜ਼ੀ ਕਰਦੇ ਰਹੇ ਹਨ।

4. ਹੋ ਸਕਦਾ ਹੈ, ਕੋਈ ਕੋਹੜੀ ਜਾਂ ਕੋਈ ਹੋਰ ਸਰੀਰਕ ਰੋਗੀ ਤੰਦਰੁਸਤ ਹੋ ਗਿਆ ਹੋਵੇ। ਇਹ ਮਨੋ-ਵਿਗਿਆਨਕ ਅਸਰ ਹੋ ਸਕਦਾ ਹੈ। ਅਜਿਹੇ ਰੋਗੀ ਕਿਸੇ ਮੜ੍ਹੀ, ਮੰਦਰ, ਕਬਰ, ਜਾਂ ਮਸੀਤ ਵਿਚ ਜਾ ਕੇ ਵੀ ਤੰਦਰੁਸਤ ਹੋ ਸਕਦੇ ਹਨ। ਇਸ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀਂ।

ਇਸ ਤਰ੍ਹਾਂ ਦੀ ਟਿਪਣੀ ਕਰਦੇ, ਗਿਆਨੀ ਜੀ ਕੁਝ ਹੋਰ ਨੁਕਤਿਆਂ ਦਾ ਉਤਰ ਦਿੰਦੇ ਹੋਏ 8 ਨੰਬਰ ਦੇ ਕੇ ਲਿਖਦੇ ਹਨ–

8. ਸੁਯੋਗ ਲੇਖਕ ਨੇ ਅੰਮ੍ਰਿਤ ਦੇ ਛਟਿਆਂ ਤੋਂ ਮਰੀਜ਼ ਨੂੰ ਬੜੀ ਵਡੀ ਚੀਕ ਮਰਵਾ ਕੇ ਇਕ ਹੋਰ ਬੇਤੁਕੀ ਠੋਕ ਦਿਤੀ ਹੈ। ਪਤਾ ਨਹੀਂ ਲੇਖਕ ਨੂੰ ਇਸ ਵਿਚ ਕੀ ਵਡਿਆਈ ਜਾਪੀ ਹੈ। ਮਲੂਮ ਹੁੰਦਾ ਹੈ ਕਿ ਉਹ ਸ਼ਹੀਦ, ਛਾਇਆ, ਜਾਂ ਜਿੰਨ-ਭੂਤ ਆਦ ਦਾ ਅਸਰ ਦਰਸਾਉਣਾ ਚਾਹੁੰਦੇ ਹਨ। **ਇਥੇ ਲੇਖਕ ਉਤੇ ਧੀਰ-ਮਲੀਏ ਵਡਭਾਗ ਸਿੰਘ ਜਾਂ ਭਸੌੜੀਏ ਭਾ: ਰਣਧੀਰ ਸਿੰਘ ਦਾ ਅਸਰ ਹੋਇਆ ਜਾਪਦਾ ਹੈ। ਵਡਭਾਗ ਸਿੰਘ ਦੇ ਚੇਲੇ ਭੂਤ ਕਢਦੇ ਫਿਰਦੇ ਹਨ ਤੇ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲਿਆਂ ਨੇ ਸ੍ਰੀ ਹਜ਼ੂਰ ਸਾਹਿਬ ਜਾਂਦਿਆਂ ਰਸਤੇ ਵਿਚ ਅਖੰਡਪਾਠ ਕਰ ਕੇ ਇਕ ਪ੍ਰੇਤ ਬਣੇ ਸ਼ਾਹੂਕਾਰ ਦਾ ਉਧਾਰ ਕਰਨ ਦੀ ਗੱਪ ਟਿਕਾਈ ਹੋਈ ਹੈ।**

ਗਿਆਨੀ ਜੀ ਨੇ ਐਸੀ ਭੱਦੀ ਟਿਪਣੀ ਕਿਸੇ ਗੁਰਸਿਖ ਬਾਰੇ ਕਰ ਕੇ ਆਪਣੀ ਕਮ-ਅਕਲੀ ਦਾ ਸਬੂਤ ਦਿਤਾ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਧੀਰਮਲੀਏ ਨਾਲ ਰਲਾਉਣਾ ਅਤੇ ਵਡਭਾਗ ਸਿੰਘ ਦੇ ਚੇਲਿਆਂ ਦੇ ਭੂਤ **ਕਢਣ ਨਾਲ ਗੁਰਬਾਣੀ ਦੇ ਸ੍ਰੀ ਅਖੰਡਪਾਠ ਦੀ ਵਰਤਦੀ ਪਾਰਸ-ਕਲਾ ਨੂੰ ਰਲਾਉਣਾ ਮਹਾਨ ਉਪੱਦਰ ਹੈ।** ਗਿਆਨੀ ਜੀ ਦੇ ਵਿਚਾਰ ਅਨੁਸਾਰ ਗੁਰਬਾਣੀ ਦੀ ਪਾਰਸ-ਕਲਾ ਸਰੀਰਕ ਰੋਗਾਂ ਨੂੰ ਨਹੀਂ ਕਟ ਸਕਦੀ। ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਭਸੌੜੀਆ ਕਹਿਣਾ ਭੀ ਗਿਆਨੀ ਜੀ ਦਾ ਅਨਜਾਣਪੁਣਾ ਹੈ। ਜੇਲ੍ਹ ਯਾਤਰਾ ਤੋਂ



www.AKJ.Org

ਪਹਿਲਾਂ ਭਸੌੜ ਦੀਵਾਨ ਜਿੰਨਾ ਚਿਰ ਗੁਰਮਤੀ ਰਹੁ-ਰੀਤ ਨੂੰ ਪ੍ਰਚਾਰਦਾ ਰਿਹਾ, ਭਾਈ ਸਾਹਿਬ ਦੀ ਸਾਂਝ ਉਨ੍ਹਾਂ ਨਾਲ ਬਣੀ ਰਹੀ, ਪਰ ਜੇਲ੍ਹ-ਯਾਤਰਾ ਤੋਂ ਆ ਕੇ ਜਦੋਂ ਭਾਈ ਤੇਜਾ ਸਿੰਘ ਭਸੌੜੀਆ ਭਾਈ ਸਾਹਿਬ ਨੂੰ ਮਿਲਣ ਆਇਆ ਤਾਂ ਉਸ ਨੂੰ ਭਾਈ ਸਾਹਿਬ ਨੇ ਮੂੰਹ ਨਹੀਂ ਲਾਇਆ, ਕਿਉਂਕਿ ਗੁਰਬਾਣੀ ਵਿਚੋਂ ਭਗਤ-ਬਾਣੀ ਤੇ ਭਟ-ਬਾਣੀ ਕਢਣ ਦੀ ਅਵੱਗਿਆ ਕਰਕੇ ਅਕਾਲ ਤਖ਼ਤ ਸਾਹਿਬ ਨੇ ਉਸ ਨੂੰ ਹੁਕਮਨਾਮੇ ਦੁਆਰਾ ਪੰਥ ਤੋਂ ਛੇਕ ਦਿਤਾ ਸੀ।

ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਜੇਲ੍ਹ ਯਾਤਰਾ ਤੋਂ ਪਿਛੋਂ, ਆਪ ਦੀ ਪੰਥਕ ਸੇਵਾ ਤੇ ਬਿਖਮ ਘਾਲਣਾ ਨੂੰ ਮੁਖ ਰਖ ਕੇ ਤਖ਼ਤ ਸਾਹਿਬਾਨ ਵਲੋਂ ਹੁਕਮਨਾਮਿਆਂ ਦੀ ਬਖ਼ਸ਼ਸ਼ ਹੋਈ ਅਤੇ ਦੇਸ ਪ੍ਰਦੇਸ ਵਿਚੋਂ ਥਾਂ ਥਾਂ ਤੋਂ ਸਿਖ ਸੰਗਤਾਂ ਵਲੋਂ ਆਪ ਜੀ ਨੂੰ ਸਿਰੋਪਾਓ ਤੇ ਮਾਨ-ਪੱਤਰ ਦਿੱਤੇ ਜਾਂਦੇ ਰਹੇ। ਇਸ ਤੋਂ ਬਾਅਦ ਸਮੇਂ ਸਮੇਂ ਪੰਥ ਦੇ ਮਹਾਨ ਕਾਰਜਾਂ ਵਿਚ, ਜਿਹਾ ਕਿ ਸ੍ਰੀ ਤਰਨ ਤਾਰਨ ਦੇ ਸਰੋਵਰ ਦੀ ਕਾਰ-ਸੇਵਾ ਸਮੇਂ, ਪੰਜਾ ਸਾਹਿਬ ਗੁਰਦੁਆਰੇ ਦਾ ਨੀਂਹ-ਪੱਥਰ ਰਖਣ ਸਮੇਂ, ਨਨਕਾਣਾ ਸਾਹਿਬ ਦੇ ਸ਼ਹੀਦ ਗੰਜ ਦੇ ਨੀਂਹ-ਪੱਥਰ ਰਖਣ ਸਮੇਂ, ਪਟਨੇ ਸਾਹਿਬ ਵਿਖੇ ਅਕਾਲ ਬੁੰਗੇ ਦੇ ਨੀਂਹ ਪੱਥਰ ਰਖਣ ਸਮੇਂ, ਪਾਉਂਟੇ ਸਾਹਿਬ ਵਿਖੇ ਗੁ: ਕਵੀ ਦਰਬਾਰ ਦੇ ਬੁਨਿਆਦੀ ਪੱਥਰ ਰਖਣ ਸਮੇਂ ਪੰਜਾਂ ਪਿਆਰਿਆਂ ਵਿਚ ਸ਼ਾਮਲ ਕੀਤਾ ਜਾਂਦਾ ਰਿਹਾ। ਪੰਥ ਵਿਚ ਅਜਿਹੇ ਸਤਿਕਾਰੇ ਜਾਂਦੇ ਗੁਰਸਿਖ ਨੂੰ ਧੀਰਮਲੀਏ ਭਾਗ ਸਿੰਘ ਨਾਲ ਮਿਲਾਉਣਾ ਕਿੰਨੀ ਕੁਹਜੀ ਹਕਾਮਤ ਹੈ!

ਭਾਈ ਸਾਹਿਬ ਆਦਰਸ਼ਕ ਗੁਰਸਿਖਾਂ ਵਿਚੋਂ ਹੋਏ ਹਨ। ਜੋਤਿ-ਪ੍ਰਕਾਸ਼ ਦੇ ਤੁਫ਼ੈਲ ਆਪ ਦੇ ਹਿਰਦੇ ਵਿਚ ਨਾਮ ਦਾ ਖੇੜਾ ਸਦਾ ਖਿੜਿਆ ਰਹਿੰਦਾ, ਤੇ ਨਾਮ ਦੀ ਲਾਲੀ ਚਿਹਰੇ ਤੇ ਡਲ੍ਹਕਾਂ ਮਾਰਦੀ ਸੀ। ਖ਼ਾਲਸਈ ਸ਼ਸਤਰਾਂ ਬਸਤਰਾਂ ਵਿਚ ਸਜੇ ਧਜੇ ਆਪ ਪੂਰੇ 'ਸੰਤ-ਸਿਪਾਹੀ' ਸਨ। ਪੂਰਨ ਗੁਰਮਤਿ ਅਨੁਸਾਰ ਵਿਚਰਨ ਅਤੇ ਨਾਮ ਬਾਣੀ ਦੇ ਨਿਰਬਾਣ ਕੀਰਤਨ ਸਦਕਾ, ਆਪ ਜੀ ਨੂੰ "ਪੀਊ ਦਾਦੇ ਦਾ ਖੋਲਿ ਡਿਠਾ ਖਜਾਨਾ" ਵਾਲਾ ਸੁਭਾਗ ਪ੍ਰਾਪਤ ਸੀ। ਆਪ ਜੀ ਨੇ ਅੰਮ੍ਰਿਤ-ਰਸ ਵਿਚ ਖੀਵੇ ਹੋ ਹੋ ਕੇ ਪਿੰਡ ਪਿੰਡ ਸ਼ਹਿਰ ਸ਼ਹਿਰ ਵਿਚ ਕੀਰਤਨ-ਫੇਰੀ ਲਾਈ ਅਤੇ ਗੁਰਸਿਖ ਸੰਗਤਾਂ ਨੂੰ ਇਸ ਗੁਰ-ਉਪਦੇਸ਼ ਦਾ ਢੰਡੋਰਾ ਦਿਤਾ ਕਿ–

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ (ਪੰਨਾ ੬੪੨)

ਭਾਈ ਸਾਹਿਬ ਅੰਤਲੇ ਸੁਆਸਾਂ ਤਕ ਗੁਰਬਾਣੀ ਦੇ ਕੀਰਤਨ-ਛਾਂਦੇ ਆਪ ਭੁੰਚਦੇ ਰਹੇ ਅਤੇ ਸਿਖ ਸੰਗਤਾਂ ਵਿਚ ਵਰਤਾਂਦੇ ਰਹੇ। ਕੀਰਤਨ-ਸਮਾਗਮਾਂ ਵਿਚ ਅਨੇਕਾਂ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਨ ਦੇ ਅਵਸਰ ਬਣਦੇ ਰਹੇ ਅਤੇ ਉਹ ਗੁਰੂ ਵਾਲੇ ਹੋ ਕੇ ਉਚੇ ਸੁਚੇ ਗੁਰਮਤੀ ਜੀਵਨ ਦੇ ਧਾਰਨੀ ਹੋ ਕੇ ਵਿਚਰਦੇ ਰਹੇ ਅਤੇ ਵਿਚਰ ਰਹੇ ਹਨ।

ਜਿਥੇ ਆਪ ਜੀ ਦਾ ਸਾਰਾ ਜੀਵਨ ਸਿੱਖੀ ਸਿਦਕ, ਪ੍ਰੇਮ-ਰੰਗਾਂ, ਵੈਰਾਗ-ਤਰੰਗਾਂ ਤੇ ਤੱਤ ਗੁਰਮਤਿ ਦੇ ਅਸੂਲਾਂ ਦੀ ਦ੍ਰਿੜ੍ਹਤਾ ਨੂੰ ਪ੍ਰਗਟਾਉਣ ਵਾਲੇ ਅਨੇਕਾਂ ਕੌਤਕਾਂ ਨਾਲ ਭਰਿਆ ਪਿਆ ਹੈ, ਉਥੇ ਆਪ ਜੀ ਦੀ ਲੇਖਣੀ ਤੋਂ ਲਿਖੀਆਂ ਗੁਰਮਤੀ ਪੁਸਤਕਾਂ ਵਿਚ ਤੱਤ ਗੁਰਮਤਿ ਅਸੂਲਾਂ ਨੂੰ ਬੜੇ ਸਪੱਸ਼ਟ ਰੂਪ ਵਿਚ ਨਿਰਣਾਇਆ ਗਿਆ ਹੈ। ਮਾਇਆਵਾਦ ਦੀ ਹਨੇਰੀ ਵਿਚ ਅਲੋਪ ਹੁੰਦੀ ਜਾ ਰਹੀ ਗੁਰਮਤਿ ਨੂੰ ਸੁਰਜੀਤ ਤੇ ਉਜਾਗਰ ਕਰਨ ਹਿਤ, ਆਪ ਦੀਆਂ ਇਹ ਪੁਸਤਕਾਂ ਸਿਖ-ਜਗਤ ਨੂੰ ਮਹਾਨ ਦੇਣ ਹਨ।

ਗੁਰਮਤਿ ਜੀਵਨ ਜੀਊਣ ਵਾਲੇ ਅਤੇ ਅੰਤਲੇ ਸੁਆਸਾਂ ਤੱਕ ਤੱਤ ਗੁਰਮਤਿ ਨੂੰ ਉਜਾਗਰ ਕਰਨ ਵਾਲੇ ਐਸੇ ਮਹਾਨ ਵਿਅਕਤੀ ਨੂੰ ਧੀਰਮਲੀਏ ਵਡਭਾਗ ਸਿੰਘ ਜਿੰਨ-ਭੂਤ ਕਢਣ ਵਾਲੇ ਨਾਲ ਤੁਲਨਾ ਦੇਣੀ, ਚੰਦ ਤੇ ਥੁਕਣ ਵਾਲੀ ਗੱਲ ਹੀ ਕਹੀ ਜਾ ਸਕਦੀ ਹੈ।

ਗਿਆਨੀ ਜੀ ਆਪਣੇ ਲੇਖ ਦੀ ਟਿਪਣੀ ਵਿਚ ਲਿਖਦੇ ਹਨ, "ਸਰੀਰਕ ਰੋਗਾਂ ਨੂੰ ਰੂਹਾਨੀਅਤ ਨਾਲ ਜੋੜਨਾ ਠੀਕ ਨਹੀਂ।" ਅਤੇ ਗਿਆਨੀ ਜੀ ਨੂੰ ਸ੍ਰੀ ਅਖੰਡਪਾਠ ਕਰ ਕੇ ਇਕ ਪ੍ਰੇਤ ਬਣੇ ਸ਼ਾਹੂਕਾਰ ਦਾ ਉਧਾਰ ਕਰਨ ਬਾਰੇ ਭਾਈ ਸਾਹਿਬ ਦੀ ਲੇਖਣੀ ਇਕ ਗੱਪ ਟਿਕਾਈ ਹੋਈ ਹੀ ਦਿਸਦੀ ਹੈ।

ਗਿਆਨੀ ਜੀ! ਸ਼ਰਧਾ-ਪ੍ਰੇਮ ਨਾਲ ਭੈ-ਭਾਵਨੀ ਸਹਿਤ, ਪੂਰਨ ਸਤਿਕਾਰ ਨਾਲ ਗੁਰਬਾਣੀ ਦੇ ਪਠਨ-ਪਾਠਨ ਦੇ ਤੁਫ਼ੈਲ, ਗੁਰਬਾਣੀ ਦੀ ਪਾਰਸ-ਕਲਾ ਵਰਤਦੀ ਰਹੀ ਹੈ ਅਤੇ ਵਰਤਦੀ ਰਹੇਗੀ। ਜਿਥੇ ਇਹ ਪਾਰਸ-ਕਲਾ ਨਹੀਂ



www.AKJ.Org

ਵਰਤ ਰਹੀ ਉਥੇ ਸਾਡੇ ਆਪਣੇ ਵਿਚ ਸ਼ਰਧਾ ਤੇ ਪ੍ਰੇਮ ਦੀ ਘਾਟ ਹੈ। ਅਜ ਵੀ ਜਿਥੇ ਜਿਥੇ ਸ਼ਰਧਾ-ਪ੍ਰੇਮ ਨਾਲ ਨਿਸ਼ਕਾਮ ਭਾਵਨਾ ਅਧੀਨ ਨਾਮ-ਬਾਣੀ ਦਾ ਪਾਠ ਅਥਵਾ ਕੀਰਤਨ ਕੀਤਾ ਜਾਂਦਾ ਹੈ, ਉਥੇ ਗੁਰੂ ਬਾਬੇ ਦੀ ਕਰਾਮਾਤ ਵਰਤਦੀ ਹੈ। ਗੁਰਬਾਣੀ ਇਕ ਪਾਸੇ ਲੋੜਾਂ-ਥੋੜਾਂ ਦੇ ਮਾਰੇ ਹੋਏ ਮਨੁਖ ਲਈ ਆਸ-ਪੂਰਨੀ ਮਹਾਂ-ਮੰਤ੍ਰ ਹੈ, ਦੂਜੇ ਪਾਸੇ ਰੋਗ-ਗ੍ਰਸਤ ਸੰਸਾਰ ਲਈ ਸਰਬ ਰੋਗ-ਨਾਸਕ ਅਉਖ਼ਧੀ ਹੈ ਅਤੇ ਪ੍ਰਮਾਰਥੀ ਪੱਖ ਵਿਚ ਇਹ ਭਵ-ਸਾਗਰ ਵਿਚ ਬੋਹਿਥਾ ਹੈ, ਜਿਸ ਉਤੇ ਸਵਾਰ ਹੋਣ ਨਾਲ ਮਨੁਖ ਰੱਬੀ-ਮਿਲਾਪ ਦਾ ਭਾਗੀ ਹੋ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨੋ-ਕਾਮਨਾ ਤੀਰਥ ਹੈ। ਜਿਥੇ ਇਹ ਬਾਣੀ ਮਨ ਨੂੰ ਅਰੋਗ ਕਰਦੀ ਹੈ ਉਥੇ ਤਨ ਨੂੰ ਭੀ ਅਰੋਗਤਾ ਬਖ਼ਸ਼ਦੀ ਹੈ। ਗੁਰਬਾਣੀ ਅੰਦਰ ਅਨੇਕਾਂ ਸ਼ਬਦਾਂ ਵਿਚ ਪ੍ਰਭੂ-ਸਿਮਰਨ ਸਦਕਾ ਮਨ ਦੇ ਨਾਲ ਤਨ ਦੇ ਅਰੋਗ ਹੋਣ ਦਾ ਵੀ ਜ਼ਿਕਰ ਆਂਦਾ ਹੈ, ਜਿਹਾ ਕਿ ਗੁਰ-ਫ਼ੁਰਮਾਨ ਹਨ–

(੧) ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥੪੦॥ (ਅਨੰਦੁ ਸਾਹਿਬ)

(੨) ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ ॥.........
ਸਿਮਰਿ ਸਿਮਰਿ **'ਮਨੁ' 'ਤਨੁ'** ਸੁਖੀ ਨਾਨਕ ਨਿਰਭਇਆ ॥੨॥੬੫॥ (੮੧੭)

(੩) ਤਾਪ ਸੰਤਾਪ ਸਗਲੇ ਗਏ ਬਿਨਸੇ ਤੇ ਰੋਗ ॥.........
ਸਰਬ ਸੁਖਾ ਤੇਰੀ ਮੰਡਲੀ ਤੇਰਾ **'ਮਨੁ' 'ਤਨੁ'** ਆਰੋਗੁ ॥
ਗੁਨ ਗਾਵਹੁ ਨਿਤ ਰਾਮ ਕੇ ਇਹ ਅਵਖਦ ਜੋਗ ॥੧॥੨੮॥ (੮੦੭)

(੪) ਚਿਤਿ ਆਵੈ ਓਸੁ ਪਾਰਬ੍ਰਹਮੁ **'ਤਨੁ' 'ਮਨੁ'** ਸੀਤਲੁ ਹੋਇ ॥੩॥੨੬॥ (ਪੰਨਾ ੭੦)

(੫) **'ਦੂਖ ਰੋਗ ਭਏ ਗਤੁ ਤਨ ਤੇ'** ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥੧॥੯॥ (੩੭੩)

ਇਸ ਪੰਜਵੇਂ ਪ੍ਰਮਾਣ ਵਿਚ ਬਿਲਕੁਲ ਸਪੱਸ਼ਟ ਹੈ ਕਿ ਹਰਿ ਪ੍ਰਭੂ ਦੇ ਗੁਣ ਗਾਉਣ ਨਾਲ ਜਿਥੇ ਮਨ ਨਿਰਮਲ ਹੁੰਦਾ ਹੈ ਉਥੇ ਤਨ ਦੇ ਦੁਖ ਰੋਗ ਨਸ ਜਾਂਦੇ ਹਨ। ਕੀ ਗਿਆਨੀ ਭਗਤ ਸਿੰਘ ਜੀ ਗੁਰਬਾਣੀ ਦੇ ਇਨ੍ਹਾਂ ਗੁਰ-ਫੁਰਮਾਨਾਂ ਤੋਂ ਇਨਕਾਰੀ ਹੋ ਸਕਦੇ ਹਨ ?

ਗੁਰਬਾਣੀ ਫੁਰਮਾਂਦੀ ਹੈ ਕਿ ਹਰੀ ਨਾਮ ਜਸ ਸੁਣਨ-ਜਪਣ ਨਾਲ ਜਮ ਕੰਕਰ ਨਸ ਜਾਂਦੇ ਅਤੇ (ਭੂਤ ਪ੍ਰੇਤ ਆਦਿ) ਬਲਾਵਾਂ ਭਜ ਜਾਂਦੀਆਂ ਹਨ, ਜਿਹਾ ਕਿ–

(੧) ਦੂਖ ਨ ਲਾਗੈ ਕਦੇ ਤੁਧੁ ਪਾਰਬ੍ਰਹਮੁ ਚਿਤਾਰੇ ॥
**ਜਮ ਕੰਕਰੁ ਨੇੜਿ ਨ ਆਵਈ** ਗੁਰ ਸਿਖ ਪਿਆਰੇ ॥੧॥ਰਹਾਉ॥੬੯॥ (੮੧੮)

(੨) ਸੁਣਿ ਕੈ **ਜਮ ਕੇ ਦੂਤ** ਨਾਇ ਤੇਰੈ **ਛਡ ਜਾਹਿ** ॥੯॥ (ਪੰਨਾ ੯੬੨)

(੩) ਸੁਨਤ ਜਪਤ ਹਰਿਨਾਮ ਜਸੁ ਤਾ ਕੀ **ਦੂਰਿ ਬਲਾਈ** ॥
ਮਹਾ ਮੰਤ੍ਰ ਨਾਨਕ ਕਥੈ ਹਰਿ ਕੇ ਗੁਣ ਗਾਹੀ ॥੪॥੫੩॥ (੮੧੪)

(੪) ਹਰਿ ਸਿਮਰਿਤ ਕਿਛੁ **ਚਾਖੁ ਨ ਜੋਹੈ** ॥ ਹਰਿ ਸਿਮਰਤ **ਦੈਤ ਦੇਉ ਨ ਪੋਹੈ** ॥੨॥੪੯॥ (੧੧੫੦)
(ਚਾਖੁ=ਬਦ-ਨਜ਼ਰ)

ਭੂਤ ਪ੍ਰੇਤ ਆਦਿ ਬਲਾਵਾਂ ਦੀ ਹੋਂਦ ਤੋਂ ਸਿਰ ਨਹੀਂ ਫੇਰਿਆ ਜਾ ਸਕਦਾ, ਕਿਉਂਕਿ ਗੁਰਬਾਣੀ ਇਨ੍ਹਾਂ ਜੂਨਾਂ ਦੀ ਸ਼ਾਅਦੀ ਭਰਦੀ ਹੈ–

ਕਈ ਕੋਟਿ ਜਖ੍ਯ ਕਿੰਨਰ ਪਿਸਾਚ ॥ ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥੪॥੧੦॥ (ਸੁਖਮਨੀ ਸਾਹਿਬ)
ਪਰ ਜਿਥੇ ਨਾਮ-ਬਾਣੀ ਆ ਵਸੇ, ਉਥੇ ਇਨ੍ਹਾਂ ਬਲਾਵਾਂ ਦਾ ਛੁਟਕਾਰਾ ਹੋ ਜਾਂਦਾ ਹੈ।

ਗੁਰਬਾਣੀ ਦੀ ਪਾਰਸ-ਕਲਾ ਬਾਰੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੀਵਨ ਵਿਚ ਵਰਤੀਆਂ ਘਟਨਾਵਾਂ, ਉਨ੍ਹਾਂ ਦੀਆਂ ਲਿਖੀਆਂ ਵਖ ਵਖ ਪੁਸਤਕਾਂ ਵਿਚ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਛੇ ਘਟਨਾਵਾਂ ਦਾ ਇਕ ਟ੍ਰੈਕਟ "ਗੁਰਬਾਣੀ ਦੀ ਪਾਰਸ-ਕਲਾ" ਵਖਰਾ ਛਪਿਆ ਹੋਇਆ ਹੈ। ਇਨ੍ਹਾਂ ਘਟਨਾਵਾਂ ਤੋਂ ਪ੍ਰਗਟ ਹੁੰਦਾ ਹੈ ਕਿ ਗੁਰਬਾਣੀ



www.AKJ.Org

ਦੀ ਪਾਰਸ ਕਲਾ ਸਦਕਾ ਬੜੇ ਬੜੇ ਜੀਰਣ ਰੋਗਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਪ੍ਰੇਤ ਜੂਨੀਆਂ ਤੋਂ ਖਲਾਸੀ ਮਿਲਦੀ ਹੈ ਅਤੇ ਮੌਤ ਦੇ ਭਿਆਨਕ ਜਮ-ਦੂਤ ਵੀ ਉਥੋਂ ਭਜ ਖਲੋਂਦੇ ਹਨ। ਇਸ ਟ੍ਰੈਕਟ ਵਿਚ ਉਹ ਘਟਨਾ ਵੀ ਦਿਤੀ ਹੋਈ ਹੈ ਜਿਸ ਅਨੁਸਾਰ ਸ੍ਰੀ ਅਖੰਡਪਾਠ ਦੀ ਅਜਬ-ਕ੍ਰਿਸ਼ਮੀ ਕਲਾ ਵਰਤਣ ਨਾਲ ਪ੍ਰੇਤ ਬਣੇ ਸ਼ਾਂਹੂਕਾਰ ਦਾ ਉਧਾਰ ਹੋ ਜਾਂਦਾ ਹੈ।

ਜੇ ਗਿਆਨੀ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਨੂੰ ਗੁਰਮਤਿ ਦੀ ਰੋਸ਼ਨੀ ਵਿਚ ਵਾਚਣ ਦੀ ਖੇਚਲ ਕਰਨ ਤਾਂ ਉਹ ਭਾਈ ਸਾਹਿਬ ਜੀ ਬਾਰੇ ਅਜਿਹੀ ਕੁਹਜੀ ਸ਼ਬਦਾਵਲੀ ਵਰਤਣ ਦੀ ਕਦੇ ਭੀ ਹਮਾਕਤ ਨਾ ਕਰਨ ਅਤੇ ਗੁਰਬਾਣੀ ਦੀ ਵਰਤਦੀ ਪਾਰਸ-ਕਲਾ ਤੋਂ ਸਿਰ ਨਾ ਫੇਰਨ।

---

[੧੪ ਸਫ਼ੇ ਦੀ ਬਾਕੀ]

ਗੁਰੂ ਕਾ ਸਿਖ ਗ੍ਰਿਹਸਤ ਤੇ ਮਾਇਆ ਵਿਚ ਵਿਚਰਦਾ ਹੋਇਆ ਵੀ, ਉਹ ਉਨ੍ਹਾਂ ਦੀ ਪਕੜ ਤੋਂ ਇਸ ਤਰ੍ਹਾਂ ਨਿਰਲੇਪ ਹੋ ਕੇ ਰਹਿੰਦਾ ਹੈ, ਜਿਵੇਂ ਕੰਵਲ ਪਾਣੀ ਵਿਚ ਰਹਿੰਦਾ ਹੋਇਆ ਅਨਭਿਗ ਰਹਿੰਦਾ ਹੈ–

ਵਿਚਿ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥੧੦॥ ਮਾਰੂ ਮ: ੪–੧੦੭੦

ਮਾਇਆ ਵਿਚ ਉਦਾਸ ਕੇਵਲ ਬ੍ਰਹਮ ਗਿਆਨੀ, ਉੱਚੀ ਸੁਰਤੀ ਬਿਰਤੀ ਵਾਲੇ, ਧੁਰੋਂ ਵਰੋਸਾਏ ਹੋਇ ਮਹਾਂ ਪੁਰਸ਼ ਹੀ ਹੋ ਸਕਦੇ ਹਨ। ਉਨ੍ਹਾਂ ਨੂੰ ਅੱਖਾਂ ਤੇ ਕੰਨ ਮਿਲੇ ਹੁੰਦੇ ਹਨ, ਉਹ ਅੰਨ੍ਹੇ ਬੋਲੇ ਨਹੀਂ ਹੁੰਦੇ। ਉਹ ਮਾਇਆ ਨੂੰ ਗੁਰੂ ਦੀ ਬਖਸ਼ਸ਼ ਸਮਝ ਕੇ ਉਸ ਦੀ ਵਰਤੋਂ ਦੀਨਾਂ ਦੁਖੀਆਂ ਦੀ ਸਹਾਇਤਾ ਤੇ ਪੰਥ ਦੀ ਚੜ੍ਹਦੀ ਕਲਾ ਲਈ ਕਰਦੇ ਹਨ। ਮਾਇਆ ਦਾ ਲੋਭ-ਲਾਲਚ ਉਨ੍ਹਾਂ ਦੇ ਨੇੜੇ ਨਹੀਂ ਫਟਕਦਾ। ਉਹ ਸੇਵਾ ਤੇ ਪਰਉਪਕਾਰ ਦੇ ਸੁਨਹਿਰੇ ਅਸੂਲਾਂ ਦੇ ਧਾਰਨੀ ਹੁੰਦੇ ਹਨ। ਉਹ ਧਨ ਪਦਾਰਥ ਪ੍ਰਾਪਤ ਕਰ ਕੇ ਸਤਿਗੁਰੂ ਨਾਨਕ ਦੇਵ ਜੀ ਦੀ ਇਹ ਬ ਣੀ ਚੇਤੇ ਰਖਦੇ ਹਨ–

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਸਿਰੀਰਾਗੁ ਮ: ੧–ਪੰਨਾ ੧੪

ਸਾਡੀ ਇਹ ਅਰਦਾਸ ਹੋਣੀ ਚਾਹੀਦੀ ਹੈ ਕਿ ਸਾਨੂੰ ਉਹ ਬਖਸ਼ਸ਼ਾਂ ਦਾ ਦਾਤਾ ਕਦੇ ਨ ਭੁਲੇ। ਮਾਇਆ ਪ੍ਰਾਪਤ ਕਰ ਕੇ ਅਸੀਂ ਅੰਨ੍ਹੇ ਬੋਲੇ ਨ ਬਣੀਏ।

---

[੧੫ ਸਫ਼ੇ ਦੀ ਬਾਕੀ]

ਸਾਹਵੇਂ ਤੂੰਬੇ ਉਡਦੇ ਦੇਖੇ ਤਾਂ ਉਸ ਦੇ ਮਨ ਚਿ ਰੋਹ ਪੈਦਾ ਹੋ ਗਿਆ। ਉਸ ਦੀਆਂ ਅੱਖਾਂ ਲਾਲ ਸੂਹੀਆਂ ਹੋ ਗਈਆਂ ਤੇ ਡੌਲੇ ਫਰਕਣ ਲਗੇ। ਉਹ ਰਹਿ ਨਾ ਸਕਿਆ। ਉਸ ਨੇ ਜਲਾਲ ਵਿਚ ਆ ਕੇ ਮਿਸਟਰ ਕਾਵਨ ਦੀ ਦਾੜ੍ਹੀ ਫੜ ਲਈ ਤੇ ਸੰਘੀ ਜਾ ਘੁਟੀ। ਇਥੇ ਮਿ: ਕਾਵਨ ਦੀ ਪਤਨੀ-ਮੇਮ ਵੀ ਬੈਠੀ ਸੀ। ਉਸ ਨੇ ਪਹਿਲਾਂ ਇਹ ਕੋਸ਼ਿਸ਼ ਕੀਤੀ ਸੀ ਕਿ ਇਸ ਬਾਲਕ ਨੂੰ ਛਡ ਦਿਤਾ ਜਾਵੇ ਤੇ ਬਾਕੀ ਸਿੱਖਾਂ ਵਾਂਗ ਤੋਪ ਮੂਹਰੇ ਨਾ ਕੀਤਾ ਜਾਵੇ। ਪਰ ਜਦ ਭੁਝੰਗੀ ਨੇ ਫਿਰੰਗੀ ਦੀ ਸੰਘੀ ਹੀ ਜਾ ਘੁਟੀ ਤਾਂ ਉਹ ਮੇਮ ਵੀ ਠਠੰਬਰ ਕੇ ਰਹਿ ਗਈ, ਅਤੇ ਸਿਪਾਹੀਆਂ ਨੇ ਫ਼ੌਰਨ ਉਸੇ ਥਾਂ ਭੁਝੰਗੀ ਨੂੰ ਤਲਵਾਰ ਨਾਲ ਟੋਟੇ ਟੋਟੇ ਕਰ ਦਿਤਾ।

---

**ਪਾਠਕ ਜੀ–** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।
(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
(੪) ਸ਼ਹੀਦੀ ਫੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ. ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।
(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਭੇਜੇ ਚੈਕ ਜਾਂ ਡਰਾਫਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ

ਆਨੰਦ ਕੋ ਘਰ ਹੈ ਕਿ ਅੰਮ੍ਰਿਤ ਕੋ ਸਰ ਹੈ, ਕਿ ਦੇਵਨ ਕੋ ਤਰੁ* ਹੈ ਕਿ ਗਯਾਨ ਕੋ ਸਮਾਜ ਹੈ।
ਕਾਲ ਹੂੰ ਕੋ ਕਾਲ ਹੈ ਕਿ ਰੀਤਿ ਹੀ ਕੀ ਪਾਲ ਹੈ, ਕਿ ਭਾਰਤੀ ਕੋ ਮਾਲ ਹੈ ਕਿ ਭਵ ਕੋ ਜਹਾਜ ਹੈ।
ਵਿਦਯਾ ਕੋ ਸਿਧਾਂਤ ਹੈ ਕਿ ਧਾਰਯੋ ਰੂਪ ਸ਼ਾਤਿ ਹੈ, ਕਿ ਮੋਖ ਹੂੰ ਕੋ ਕਾਂਤਿ ਹੈ ਕਿ ਬ੍ਰਹਮ ਹੀ ਵਿਰਾਜ ਹੈ।
ਰਾਗਨ ਕੋ ਬਾਗ ਹੈ ਕਿ ਜੀਵਨ ਕੋ ਭਾਗ ਹੈ, ਕਿ ਧਰਾ ਕੋ ਸੁਹਾਗ ਹੈ ਕਿ ਗ੍ਰੰਥ ਮਹਾਰਾਜ ਹੈ।

ਏਕ ਹੀ ਚਢਾਏ ਫਲ ਚਾਰੋਂ ਫਲ ਦੇਤ ਜੋਈ, ਯਾ ਮੈ ਕੋਟਿ ਜੀਵਨ ਕੇ ਚੀਤਿ ਆਛੇ ਧਸਗੇ।
ਪਾਤਕੀ ਮਲੀਨ ਅਕੁਲੀਨ ਛੀਨ ਦੀਨਨ ਕੇ, ਜਾਂ ਕੇ ਨੈਕ ਦੇਖਤੇ ਕਰੋਰੋਂ ਪਾਪ ਨਸਗੇ।
ਆਲਸੀ ਅਭਾਗੀ ਭੀਰੁ ਭੋਗਨ ਕੇ ਰਾਗੀ ਮੂਢ, ਬਾਨੀ ਕੇ ਪ੍ਰਤਾਪ ਸੇ ਸੁ ਪ੍ਰੇਮ ਸੁਧਾ ਰਸਗੇ।
ਫਸਗੇ ਛਬੀਲੇ ਰੰਗ ਰੂਪ ਜੋ ਨਿਹਾਰੇ ਨੈਨ, ਗ੍ਰੰਥ ਮਹਾਰਾਜ ਜੂ ਹਮਾਰੇ ਮਨ ਬਸਗੇ।

ਕਾਹੂੰ ਕੋ ਭਰੋਸੋ ਹੈ ਜਮੀਨ ਕੋ ਜਮਾਨੇ ਬੀਚ, ਕਾਹੂੰ ਕੋ ਭਰੋਸੋ ਜੋਰ ਚਾਕਰੀ ਜਹਾਜ ਪੈ।
ਕਾਹੂੰ ਕੋ ਭਰੋਸੋ ਭਾਰੀ ਸ਼ਾਹ ਪਾਤਸ਼ਾਹ ਮੀਤ, ਕਾਹੂੰ ਕੋ ਭਰੋਸੋ ਹੈ ਕੁਟੰਬੀ ਕਰੈਂ ਕਾਜ ਪੈ।
ਕਾਹੂੰ ਕੋ ਭਰੋਸੋ ਦੇਵਬਾਨੀ ਅਰੁ ਪਾਰਸੀ ਕੋ, ਕਾਹੂੰ ਕੋ ਭਰੋਸੋ ਸੰਤਗੀਰੀ ਕੀ ਮਿਜਾਜ ਪੈ।
ਕਾਹੂੰ ਕੋ ਭਰੋਸੋ ਚਾਰੁ ਚਾਤੁਰੀ ਚਲਾਕੀ ਚੋਖ, ਮੋ ਕੋ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ।

ਦਰਸ ਪਰਸ ਕੀਨੇ ਗ੍ਰੰਥ ਮਹਾਰਾਜ ਜੂ ਕੇ, ਪਾਪ ਜਨਮਾਂਤਰ ਕੇ ਪੁੰਨ-ਰੂਪ ਧਾਰਤੇ।
ਦਾਰਦ ਘਨੇਰੇ ਸੇ ਅਨੇਕਧਾ ਵਿਭੂਤਿ ਹੋਤ, ਹੋਤ ਹੈ ਪ੍ਰਕਾਸ਼ ਆਛੇ ਭਾਰੀ ਅੰਧਕਾਰ ਤੇ।
ਮੰਦਧੀ ਸੁਬੁੱਧ ਹ੍ਵੈ ਛਨੇਕ ਮੈ ਅਨੇਕ ਭਾਂਤਿ, ਰੋਗ ਤੇ ਪ੍ਰਮੋਦ ਭਲੀ ਰੀਤਿ ਦੁਰਾਚਾਰ ਤੇ।
ਜੇਤੇ ਰਿਪੁ ਝੁੰਡਨ ਕੇ ਝੁੰਡ ਅਪਕਾਰੀ ਨੀਚ, ਤੇਤੇ ਮੀਤ ਹ੍ਵੈ ਕੈ ਨੀਤ ਕਾਰਜ ਕੋ ਸਵਾਰਤੇ।

ਹੋਤੇ ਜਬੈ ਭੋਰ ਤਬੈ ਹੋਤ ਹੈ ਘਨੇਰੋ ਦੂਖ, ਚੋਰਨ ਕੇ ਝੁੰਡ ਕੋ ਚਕੋਰਨ ਕੀ ਪਾਲ ਕੋ।
ਹੋਤੇ ਜਬੈ ਚੰਦ੍ਰਮਾ ਅਕਾਸ ਮੈ ਪ੍ਰਕਾਸ ਤਬੈ, ਹੋਤ ਹੈ ਸੰਕੋਚ ਕੰਜ ਪੰਥ ਸਜਾਮਾਬਾਲ ਕੋ।
ਹੋਤ ਹੈ ਚਢਾਈ ਜਬੈ ਸੂਰਬੀਰ ਸਿੰਘਨ ਕੀ, ਤਬੈ ਭੂਮੀ ਹੀਯੋ ਹਾਲੈ ਦੁੱਜਨ ਕਰਾਲ ਕੋ।
ਹੋਤ ਹੈ ਸੁ ਪਾਠ ਜਬੈ ਗ੍ਰੰਥ ਮਹਾਰਾਜ ਜੂ ਕੋ, ਤਬੈ ਕਾਲੋ ਹੋਤੋ ਮੁਖ ਕਾਲ ਕਲਿ ਕਾਲ ਕੋ।

ਜੇਤੇ ਦੇਵ ਰਾਛਸ ਅੀਧਨ ਹ੍ਵੈਂ ਅਧੇਨ ਹੂੰ ਤੇ, ਜਾਂਹਿ ਕੀ ਤ੍ਰਿਲੋਕੀ ਬੀਚ ਜਾਗਤੀ ਸੁ ਜੋਤ ਹੈ।
ਕੇਸਰੀ ਨਿਹਾਲ ਜਾਂ ਕ ਨੈਕ ਹੂੰ ਧਯਾਨ ਧਾਰੇ, ਪਾਪ ਜੋ ਬਿਦਾਰੇ ਜਾਤ ਪੁੰਨ ਤੋ ਉਦੋਤ ਹੈ।
ਭਾਨੁ ਸੋ ਪਧਾਰੇ ਜਹਾਂ ਟਾਰੇ ਅੰਧਕਾਰ ਕਲੂ, ਭੂਲੇ ਹੂੰ ਨਿਹਾਰੇ ਤੇ ਕ੍ਰਿਤਾਂਤ ਦੁਖੀ ਹੋਤ ਹੈ।
ਝਾਕੀ ਗੁਰੂ ਗ੍ਰੰਥ ਮਹਾਰਾਜ ਕੀ ਬਿਲੋਕੀ ਜਬੈ, ਬਾਕੀ ਈਸ ਦੂਸਰੇ ਕੀ ਲਾਲਸਾ ਨ ਹੋਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ ਦੀ ਰੀਤਿ–

ਅੰਨ ਕੋ ਬੰਧੇਜ ਬਾਂਧ ਆਸਨ ਕੋ ਸਾਧ ਬੇਸ਼, ਗਾਤ ਕੋ ਅਲੋਲ० ਸੁਧਿ ਏਕ ਚਾਲ ਲੀਜਿਯੇ।
ਚੀਤ ਕੋ ਨਿਰੋਧ ਕੈ ਪ੍ਰਬੋਧ ਕੈ ਪ੍ਰਕਾਸ਼ ਪ੍ਰੇਮ, ਗਾਦੀ ਨ ਵਿਛਾਯ ਨ ਪ੍ਰਯੰਕ ਹਾਥ ਦੀਜਿਯੇ†।
ਖਾਂਸੀ ਕ੍ਰੋਧ ਵਾਰਤਾ ਜੰਭਾਈ ਔ ਡਕਾਰ ਛੀਂਕ, ਹਾਸੀ ਸੀਂਢ ਮੰਦਪੌਨ‡ ਥੂਕ ਨ ਕਰੀਜਿਯੇ।
ਸਾਤ੍ਵਕੀ ਸੁਭਾਇ ਸੋਂ ਅਕਾਲ ਸੋਂ ਲਗਾਇ ਧਯਾਨ, ਗ੍ਰੰਥ ਜੂ ਕੋ ਪਾਠ ਪਜਾਰੇ, ਐਸੀ ਭਾਂਤਿ ਕੀਜਿਯੇ।

—ਕਵਿਕੁਲ ਰਤਨ ਸੰਤ ਨਿਹਾਲ ਸਿੰਘ ਜੀ, ਮਹਾਨ ਕੋਸ਼ (ਦੂਜੀ ਛਾਪ), ਪੰਨਾ ੩੨੭-੨੮

*ਕਲਪਬ੍ਰਿਛ। ०ਚੰਚਲਤਾ ਬਿਨਾ, ਅਚੱਲ। †ਮੰਜੀ ਸਾਹਿਬ ਪੁਰ ਕੂਹਣੀ ਤੇ ਹੱਥ ਨਹੀਂ ਰਖਣਾ ਚਾਹੀਏ। ‡ਅਪਾਨ ਵਾਯੂ।



www.AKJ.Org

# ਦਸ ਜਾਮਿਆਂ ਦੀ ਜੋਤ

[ਭਾਈ ਕ੍ਰਿਸ਼ਨ ਸਿੰਘ ਜੀ]

ਪਹਿਲੇ ਜਾਮੇ ਆ ਅਰੰਭਿਆ, ਕੀਤਾ ਦਸਵੇਂ ਪੂਰਨ ਕਾਮ।
ਦਸ ਜਾਮਿਆਂ ਦੀ ਇਕ ਜੋਤ ਨੂੰ, ਹੱਥ ਜੋੜ ਕਰਾਂ ਪ੍ਰਣਾਮ।

ਇਕ ਓਅੰਕਾਰ ਅਰਾਧੀਏ, ਹੋਰ ਦੂਜਾ ਨਾਹੀ ਕੋਇ।
ਸਿਮਰ ਸਿਮਰ ਸੁਖ ਪਾਈਏ, ਰੰਗ ਨਵੇਲਾ ਹੋਇ।
ਉਹ ਜ਼ੱਰੇ ਜ਼ੱਰੇ ਚਿ ਵਰਤਦਾ,ਦੇਖੋ ਲਾ ਕੇ ਨੀਝ ਧਿਆਨ।
ਦਸ ਜਾਮਿਆਂ ਦੀ ਇਕ ਜੋਤ ਨੂੰ,ਹੱਥ ਜੋੜ ਕਰਾ ਪ੍ਰਣਾਮ।

'ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ,'ਦਾ ਮਿਲੇ ਆਦੇਸ਼।
ਮੈਂ-ਮੇਰੀ ਹਉਮੈ ਤਿਆਗ ਕੇ, ਮਨੋਂ ਰਖ ਗਰੀਬੀ ਵੇਸ।
ਹੋ ਗ੍ਰਿਸਤੀ ਮਨੋਂ ਅਰਾਧਣਾ,ਨਾ ਭਟਕੋ ਵਿਚ ਬੀਆਬਾਨ।
ਦਸ ਜਾਮਿਆਂ ਦੀ ਇਕ ਜੋਤ ਨੂੰ,ਹੱਥ ਜੋੜ ਕਰਾਂ ਪ੍ਰਣਾਮ।

ਡਰ ਨ ਦੇਣਾ ਕਿਸੇ ਨੂੰ, ਨਹੀਂ ਸਹਿਣਾ ਕਿਸੇ ਦਾ ਰੁਹਬ।
ਪੰਜ ਵੈਰੀ ਰਖੋ ਸੋਧ ਕੇ, ਕਾਮ ਕ੍ਰੋਧ ਹੰਕਾਰ ਮੋਹ ਲੋਭ।
ਹੱਕ ਆਪਣੇ ਲਈ ਜੂਝ ਮਰੇ ਜੋ,ਹੈ ਉਹ ਸੱਚਾ ਇਨਸਾਨ।
ਦਸ ਜਾਮਿਆਂ ਦੀ ਇਕ ਜੋਤ ਨੂੰ,ਹੱਥ ਜੋੜ ਕਰਾਂ ਪ੍ਰਣਾਮ।

ਸਿਰ ਭੇਟਾ ਲੈ ਤੈਂ ਦਾਤਿਆ ! ਜੋ ਥਾਪੇ ਸੀ ਸਿਰਦਾਰ।
ਜਾਂਦੇ ਭੁਲੀ ਵਿਰਸਾ ਆਪਣਾ, ਹੋ ਰਹੇ ਨੇ ਬਹੁਤ ਖੁਆਰ।
ਸਿੱਖੀ ਗੀਤ ਸਿਖਾਵੇ 'ਕ੍ਰਿਸ਼ਨ' ਜੋ,ਕੋਈ ਭੇਜੋ ਬਲੀ ਮਹਾਨ।
ਦਸ ਜਾਮਿਆਂ ਦੀ ਇਕ ਜੋਤ ਨੂੰ,ਹੱਥ ਜੋੜ ਕਰਾਂ ਪ੍ਰਣਾਮ।

# ਕੁਰਬਾਨ ਹੋਇਆ ਖਾਲਸਾ

[ਸ. ਅਜੀਤ ਸਿੰਘ 'ਆਸ', ਉਪਲ ਵਿੱਲਾ, 2637/9, ਗੇਟ ਹਕੀਮਾਂ, ਅੰਮ੍ਰਿਤਸਰ]

ਤੀਰਾਂ ਤਲਵਾਰਾਂ ਚਿ ਜਵਾਨ ਹੋਇਆ ਖ਼ਾਲਸਾ।
ਦੁਖੀਆਂ ਤੋਂ ਸਦਾ ਕੁਰਬਾਨ ਹੋਇਆ ਖ਼ਾਲਸਾ।

ਗੜ੍ਹੀ ਚਮਕੌਰ ਦੀ ਤੇ ਕੰਧ ਸਰਹੰਦ ਦੀ,
ਦਸਦੀ ਕਹਾਣੀ ਇਹਦੀ ਬੀਰਤਾ ਦੇ ਪੰਧ ਦੀ।
ਝੱਲ ਕੇ ਤਸੀਹੇ ਬਲਵਾਨ ਹੋਇਆ ਖ਼ਾਲਸਾ।
ਤੀਰਾਂ ਤਲਵਾਰਾਂ ਚਿ ਜਵਾਨ ਹੋਇਆ ਖ਼ਾਲਸਾ।

'ਜੀਵਣਾ ਅਣਖ ਨਾਲ' ਖ਼ਾਲਸੇ ਦੀ ਸ਼ਾਨ ਹੈ,
ਬੀਰਤਾ ਹੈ ਤੇਗ ਇਹਦੀ, ਹੌਸਲਾ ਮਿਆਨ ਹੈ।
ਬੀਰਤਾ ਵੇਲੇ ਸਦਾ ਸਾਵਧਾਨ ਹੋਇਆ ਖ਼ਾਲਸਾ।
ਤੀਰਾਂ ਤਲਵਾਰਾਂ ਚਿ ਜਵਾਨ ਹੋਇਆ ਖ਼ਾਲਸਾ।

ਡਰਦਾ ਨ ਕਿਸੇ ਤੋਂ, ਨਾ ਕਿਸੇ ਨੂੰ ਡਰਾਉਂਦਾ ਹੈ,
ਰੂਹ ਦੀ ਆਜ਼ਾਦੀ, ਸੁਖ ਸਾਰਿਆਂ ਦੀ ਚਾਹੁੰਦਾ ਹੈ।
ਪੜ੍ਹ ਸੁਣ ਬਾਣੀ, ਵਿਦਵਾਨ ਹੋਇਆ ਖ਼ਾਲਸਾ।
ਤੀਰਾਂ ਤਲਵਾਰਾਂ ਚਿ ਜਵਾਨ ਹੋਇਆ ਖ਼ਾਲਸਾ।

ਟਾਕਰਾ ਜ਼ੁਲਮ ਸੰਗ, ਕਿਸੇ ਨਾਲ ਵੈਰ ਨਹੀਂ,
ਕਾਇਨਾਤ ਵਿੱਚ ਕੋਈ, ਏਸ ਲਈ ਗ਼ੈਰ ਨਹੀਂ।
ਆਸਰੇ ਅਕਾਲ ਦੇ, ਮਹਾਨ ਹੋਇਆ ਖ਼ਾਲਸਾ।
ਤੀਰਾਂ ਤਲਵਾਰਾਂ ਚਿ ਜਵਾਨ ਹੋਇਆ ਖ਼ਾਲਸਾ।

ਹੱਕ ਸੱਚ ਵਾਸਤੇ ਇਹ, ਨਿਤਰੇ ਮੈਦਾਨ ਵਿਚ,
ਇਹਦੇ ਤੁੱਲ ਸੂਰਮਾ ਨਾ, ਕੋਈ ਵੀ ਜਹਾਨ ਵਿਚ।
ਪਿਤਾ ਦਸਮੇਸ਼ ਜੀ ਦੀ ਸ਼ਾਨ ਹੋਇਆ ਖ਼ਾਲਸਾ।
ਤੀਰਾਂ ਤਲਵਾਰਾਂ ਚਿ ਜਵਾਨ ਹੋਇਆ ਖ਼ਾਲਸਾ।

ਜਦੋਂ ਕਦੇ ਹੱਦਾਂ ਉੱਤੇ, ਵੈਰੀ ਚੜ੍ਹ ਆਇਆ ਹੈ,
ਕੰਧਾਂ ਕਰ ਸਿਰਾਂ ਦੀਆਂ, ਦੇਸ਼ ਨੂੰ ਬਚਾਇਆ ਹੈ।
ਦੋਖੀਆਂ ਦੀ ਮੌਤ ਦਾ ਸਾਮਾਨ ਹੋਇਆ ਖ਼ਾਲਸਾ।
ਤੀਰਾਂ ਤਲਵਾਰਾਂ ਚਿ ਜਵਾਨ ਹੋਇਆ ਖ਼ਾਲਸਾ।



www.AKJ.Org

# ਦਿੱਲੀ ਫ਼ਤਿਹ

[ਸ: ਅਤਰ ਸਿੰਘ ਜੀ ਨੀਰ, 62-ਸੈਨਿਕ ਵਿਹਾਰ, ਦਿੱਲੀ 34[

ਸ਼ਾਹ ਆਲਮ ਮੁਗਲ ਬਾਦਸ਼ਾਹ ਦਿੱਲੀ ਦਾ ਬਣਿਆ ।
ਜਨੂੰਨੀ ਬੁਜ਼ਦਿਲ ਲਾਪਰਵਾਹ ਕਮਜ਼ੋਰਾਂ ਚਿ ਗਣਿਆ ।
ਬਦਮਸਤ ਸ਼ਰਾਬੀ ਸਦਾ ਰਹੇ ਬਣਿਆ ਠਣਿਆ ।
ਗੋਹਰ ਅਲੀ ਵਜ਼ੀਰ ਸੀ ਘੁਕੇ ਤੋਂ ਛਣਿਆ ।੧।
ਵਿਚ ਹਕੂਮਤ ਖਲਬਲੀ ਹੁੰਦੀ ਮਨ-ਮਾਨੀ ।
ਉਡਿਆ ਦਬਦਬਾ ਖੰਭ ਲਾ ਸਤਵੇਂ ਅਸਮਾਨੀਂ ।
ਦਾਦ ਫ਼ਰਯਾਦ ਨ ਕੋਈ ਵੀ, ਇਉਂ ਵਿਗੜੀ ਤਾਣੀ ।
ਰਈਅਤ ਖਸਮ ਦੇ ਬਾਝ ਜਿਉਂ ਹੋ ਜਾਏ ਜ਼ਨਾਨੀ ।੨।
ਸਤਾਰਾਂ ਸੋ ਚੌਠ ਦਾ ਸੀ ਇਹ ਜ਼ਮਾਨਾ ।
ਦਿੱਲੀ ਰਾਜ ਤੇ ਰੁਹਬ ਦਾ ਸਭ ਠਾਠ ਸ਼ਹਾਨਾ ।
ਰਿੜ੍ਹਦਾ ਜਾ ਰਿਹਾ ਦਿਨ ਬਦਿਨ ਸੀ ਵੱਲ ਨਿਵਾਣਾਂ ।
ਜਿਥੇ ਜਿਸ ਦਾ ਹੱਥ ਲਗੇ, ਕਰ ਲਏ ਠਿਕਾਣਾ ।੩।
ਏਧਰ ਸਿੰਘ ਪੰਜਾਬ ਵਿਚ ਕਰਦੇ ਤਕੜਾਈ ।
ਥਾਂ ਥਾਂ ਮੱਲਾਂ ਮਾਰੀਆਂ, ਚੰਡੀ ਖੜਕਾਈ ।
ਸਰਹੰਦ ਦੇ ਸੂਬੇ ਜ਼ੈਨ ਦੀ ਗਈ ਅਲਖ ਮੁਕਾਈ ।
ਵਧੀ ਤਾਕਤ ਸਿਖਾਂ ਦੀ, ਜਿਉਂ ਸਰਘੀ ਰੁਸ਼ਨਾਈ ।੪।
ਸਾਰੇ ਵਿਚ ਪੰਜਾਬ ਦੇ ਸਨ ਮਿਸਲਾਂ ਬਾਰ੍ਹਾਂ ।
ਵਖੋ ਵਖਰੀਆਂ ਚਮਕਾਂ, ਵਖੋ ਵੱਖ ਨੁਹਾਰਾਂ ।
ਆਹਲੂਵਾਲੀਏ, ਰਾਮਗੜ੍ਹੀਏ, ਸ਼ਹੀਦ ਸਰਦਾਰਾਂ ।
ਸ਼ੁਕਰਚਕੀਏ, ਘਨੱਈਏ, ਨਕੱਈ ਗੁਜ਼ਾਰਾਂ ।੫।
ਪਾਇਆ ਦਬਦਬਾ ਭੰਗੀਆਂ, ਦੁਨੀਆ ਹੈਰਾਨੇ ।
ਫੈਜ਼ਲਪੁਰੀਏ, ਡਲੇਵਾਲੀਏ ਤੇ ਮਿਸਲ ਨਿਸ਼ਾਨੇ ।
ਫੂਲਕੀਆਂ, ਕਰੋੜ-ਸਿੰਘੀਆ ਕਰ ਜ਼ੋਰ ਧਿਙਾਣੇ ।
ਸਿੱਕਾ ਚਲਾਇਆ ਖਾਲਸਈ ਜਿਉਂ ਚੰਦ ਅਸਮਾਨੇ ।੬।
ਝੰਡੇ ਝੁਲਦੇ ਕੇਸਰੀ ਥਾਂ ਥਾਂ ਤੇ ਉਚੇ ।
ਬੰਗਾ, ਰੜਕਾ, ਨਵਾਂ ਸ਼ਹਿਰ ਦੇ ਘੇਰ ਸਮੁਚੇ ।
ਮਾਰਕੰਡਾ ਤੇ ਜਮਨਾ ਦਰਿਆ ਦੀ ਖੁਚੇ ।
ਕਬਜ਼ਾ ਲਿਆ ਬਘੇਲ ਸਿੰਘ ਨਠੇ ਸਭ ਟੁਚੇ ।੭।
ਕਰੋੜ-ਸਿੰਘੀਆ ਮਿਸਲ ਦਾ ਸਰਦਾਰ ਰੰਗੀਲਾ ।
ਸਿਆਣਾ ਸੁਲਝਿਆ ਬਘੇਲ ਸਿੰਘ ਸੀ ਬੀਰ ਸਜੀਲਾ ।
ਕਦਮ ਵਧਾਈ ਆ ਰਿਹਾ ਕਰ ਹਿੰਮਤ ਹੀਲਾ ।
ਕੋਲ ਕਰਨਾਲ ਦੇ ਰਾਜਧਾਨੀ, ਕਰ ਗਡਿਆ 'ਪੀਲਾ' ।੮।
ਨਜ਼ਰਾਂ ਮਾਰੀਆਂ ਸਿੰਘ ਜੀ ਕਿ ਕਿਥੇ ਦਿੱਲੀ ।
ਮੁਗਲੱਈਆਂ ਦੇ ਸਿਰ ਠੋਕਣੀ ਅਸਾਂ ਜਾ ਕੇ ਕਿੱਲੀ ।
ਕਲਗੀਆਂ ਵਾਲੇ ਪਾਤਸ਼ਾਹ ਤੋਂ ਤਾਕਤ ਮਿੱਲੀ ।
ਮਾਰ ਭਜਾਣੀ ਅਸਾਂ ਨੇ ਇਹ ਬਾਘੜ ਬਿੱਲੀ ।੯।
ਸਤਾਰਾਂ ਸੋ ਉਣਾਨਵੇਂ ਚਿ ਲਿਖਿਆ ਉਸ ਚੜ੍ਹਦੇ ਵੰਨੇ ।
ਆਹਲੂਵਾਲੀਏ ਸਿੰਘ ਸਰਦਾਰ ਤੇ ਹੋਰਾਂ ਦੇ ਕੰਨੇ ।
ਫਿਰ ਜੱਸਾ ਸਿੰਘ ਰਾਮਗੜ੍ਹੀਏ ਨੂੰ ਹੋ ਪ੍ਰਸੰਨੇ,
ਦਸ ਦਿਤੀ ਸਾਰੀ ਖੋਲ੍ਹ ਕੇ ਜੋ ਧਾਰੀ ਮਨੇ ।੧੦।
ਸਤਾਰਾਂ ਸੋ ਨੱਵੇ ਚੜ੍ਹੇ ਸਾਲ ਉਨ ਵਿਉਂਤ ਬਣਾਈ ।
ਬਾਰ੍ਹਾਂ ਹਜ਼ਾਰ ਬਘੇਲ ਸਿੰਘ ਨੇ ਫ਼ੌਜ ਮਿਲਾਈ ।
ਬਾਕੀ ਸਭਨਾਂ ਜੋਧਿਆਂ ਹਜ਼ਾਰ ਅਠਾਈ ।
ਚਾਲੀ ਹਜ਼ਾਰ ਦੀ ਕਰ ਲਈ ਐਦਾਂ ਤਕੜਾਈ ।੧੧।
ਫੌਲਾਦੀ ਭਾਲੇ, ਬਰਛੀਆਂ, ਸਾਂਗਾਂ, ਦੋਧਾਰੇ,
ਕਿਰਪਾਨਾਂ ਪੰਜ ਪੰਜ ਫੁਟੀਆਂ ਮਾਰਨ ਲਿਸ਼ਕਾਰੇ ।
ਖੜਕਦੇ ਧੌਂਸਿਆਂ ਸੂਰਿਆਂ ਦੇ ਜੋਸ਼ ਉਭਾਰੇ ।
ਗੂੰਜ ਪਈ ਜੈਕਾਰਿਆਂ ਦੀ ਪਾਸੇ ਚਾਰੇ ।੧੨।
ਹਥਿਆਰ ਲਏ ਉਸ ਚੋਣਵੇਂ ਸਿੰਘ ਗਭਰੂ ਚੰਗੇ ।
ਭਖਦੇ ਚੇਹਰੇ ਸਭ ਦੇ ਗੁਲਾਨਾਰੀ ਰੰਗੇ ।
ਫੌਲਾਦੀ ਛਾਤੀਆਂ ਤਣੀਆਂ ਬਿਨਾਂ ਵਿੰਗ ਤੜੰਗੇ
ਘੋੜਿਆਂ ਦੀ ਦਿਖ ਗ਼ਜਬ ਦੀ, ਅਕਲਾਂ ਨੂੰ ਡੰਗੇ ।੧੩।
ਫਿਰ ਸ੍ਰੀ ਸਾਹਿਬ ਨੂੰ ਚੁੰਮਿਆ ਉਸ ਗੁਰੂ ਪਿਆਰੇ ।
ਕਰ ਅਰਦਾਸਾ ਸਿਦਕ ਨਾਲ, ਮੁੜ ਅਰਜ਼ ਗੁਜ਼ਾਰੇ ।
ਕਲਗੀਆਂ ਵਾਲੇ ਪਾਤਸ਼ਾਹ, ਸਾਨੂੰ ਤਿਰੇ ਸਹਾਰੇ ।
ਕਾਇਮ ਰਖੀਂ ਪੰਥ ਦੇ ਰਣਜੀਤ-ਨਗਾਰੇ ।੧੪।
ਚੜ੍ਹਤਾਂ ਤੇਰੇ ਪੰਥ ਦੀਆਂ ਹੋਵਣ ਲਾਸਾਨੀ ।
ਝੁਲਣ ਝੰਡੇ ਕੇਸਰੀ ਫਰ ਫਰ ਅਸਮਾਨੀਂ ।
ਦੇਗ ਤੇਗ ਦੀ ਫਤਿਹ ਵਿਚ ਸਾਡੀ ਜ਼ਿੰਦਗਾਨੀ ।
ਬਾਝੋਂ ਤੇਰੀ ਮਿਹਰ ਦੇ ਹੋਰ ਕੂੜ ਕਹਾਣੀ ।੧੫।
ਅਗੇ ਹੋ ਬਘੇਲ ਸਿੰਘ ਕਮਾਨ ਸੰਭਾਲੀ ।
ਚਾੜ੍ਹੇ ਵੱਟ ਮੁਛਹਿਰਿਆਂ ਚੇਹਰੇ ਤੇ ਲਾਲੀ ।
ਮਥੇ ਬੰਨ੍ਹ ਦੁਮਾਲੜਾ ਜ਼ਰਾ ਹੋ ਕੇ ਕਾਹਲੀ ।
ਤੁਰਿਆ ਦਿੱਲੀ ਮਾਰਨੇ ਵਿਚ ਰੋਹ ਜਲਾਲੀ ।੧੬।

www.AKJ.Org

ਮੰਜ਼ਲਾਂ ਮਾਰਦਾ ਪੁਜਿਆ ਮਜਨੂੰ ਦੇ ਟਿੱਲੇ।
ਜਮਨਾ ਹੈਸੀ ਸ਼ੂਕਦੀ ਜਿਉਂ ਬਾਘੜ ਬਿੱਲੇ।
ਸਿੰਘ ਵੀ ਉਛਲਣ ਜੋਸ਼ ਵਿਚ, ਨਹੀਂ ਜ਼ਰਾ ਵੀ ਢਿਲੇ।
ਸੋਚੇ ਪਰ ਬਘੇਲ ਸਿੰਘ, ਕਿਵੇਂ ਰਸਤਾ ਮਿਲੇ।੧੭।
ਉਠਿਆ ਵਾਂਗ ਹਨੇਰੀਆਂ, ਕਰ ਕੇ ਵਿਚਾਰਾਂ।
ਤੁਰਿਆ ਵਾਂਗ ਤੂਫਾਨ ਦੇ, ਲੈ ਕੇ ਸਰਦਾਰਾਂ।
ਠਲ੍ਹਿਆਂ ਮੂਲ ਠਲ੍ਹੀਣ ਨ, ਸਿਖਾਂ ਦੀਆਂ ਵਾਹਰਾਂ।
ਦੁਨੀਆ ਕੁਲ ਠਠੰਬਰੀ, ਵਿਚ ਸ਼ਹਿਰ ਬਜ਼ਾਰਾਂ।੧੮।
ਵੜ ਪਿਆ ਅੰਦਰ ਸ਼ਹਿਰ ਦੇ. ਅਜਮੇਰੀ ਰਸਤੇ।
ਖੜਕਾ ਦੜਕਾ ਮਾਰਦੇ ਸਿੰਘਾਂ ਦੇ ਦਸਤੇ।
ਤਰਥਲੀ ਪੈ ਗਈ ਹਰ ਤਰਫ ਦਿਲ ਹੋਏ ਪਸਤੇ।
ਖ਼ਾਲੀ ਹੋਏ ਬਜ਼ਾਰ ਸਭ, ਖ਼ਾਲੀ ਚੁਰੱਸਤੇ।੧੯।
ਭੇਡਾਂ ਬਕਰੀਆਂ ਵਾਂਗਰਾਂ, ਪਾ ਹਾਲ ਦੁਹਾਈ,
ਪੈਰ ਸਿਰਾਂ ਤੇ ਰਖ ਕੇ, ਭੱਜ ਪਈ ਲੁਕਾਈ।
ਡਿਗਦੇ ਢਹਿੰਦੇ ਖ਼ੌਫ ਵਿਚ, ਸਭ ਸੁਰਤ ਭੁਲਾਈ।
ਜੈਕਾਰਿਆਂ ਦੀ ਗੂੰਜ ਨੇ ਦਿੱਲੀ ਕੰਬਾਈ।੨੦।
ਸ਼ਾਹ ਆਲਮ ਬੇਗਮ ਸਮਰੂ ਵਜ਼ੀਰ ਬੁਲਾਇਆ।
ਸਿੱਖਾਂ ਕਬਜ਼ਾ ਕਰ ਲਿਆ, ਦਿਨ ਭੈੜਾ ਆਇਆ।
ਰਾਜ ਗਿਆ ਹੁਣ ਹੱਥ ਚੋਂ, ਹੋ ਗਿਆ ਸਫਾਇਆ।
ਰਾਜ਼ੀ ਕਰ ਲਉ ਸਿੱਖਾਂ ਨੂੰ, ਮਨੋਂ ਫੁਰਮਾਇਆ।੨੧।
ਨਾਲ ਸਤਿਕਾਰ ਵਜ਼ੀਰ ਨਿਉਂ ਕਹਿਆ ਸਰਦਾਰੋ!
ਤੁਸੀਂ ਮਾਲਕ ਬਣੇ ਦਿੱਲੀ ਦੇ, ਨ ਕਿਸੇ ਨੂੰ ਮਾਰੋ।
ਇਹ ਤਾਜ ਤੁਹਾਡਾ ਆਪਣਾ, ਤੁਸੀਂ ਆਉ ਪਧਾਰੋ।
ਅਸਾਂ ਹੁਕਮ ਕਬੂਲਿਆ ਤੁਸਾਂ ਦਾ,ਨਹੀਂ ਉਜ਼ਰ ਅਜ਼ਾਰੋ।੨੨।
ਤੁਹਾਡੇ ਵਡੇ ਵਡੇਰਿਆਂ, ਬਖਸ਼ਿਆ ਇਹ ਤਾਜ ਸ਼ਾਹੀ।
ਨਾਨਕ ਸ਼ਾਹ ਗੁਰ ਪੀਰ ਦੀ ਵਡੀ ਵਡਿਆਈ।
ਅਜ਼ਮਤ ਗੁਰੂ ਦਸਮੇਸ਼ ਦੀ ਮੰਨਦੀ ਲੁਕਾਈ।
ਕੀਤੀ ਤੁਹਾਡੇ ਰਾਹਾਂ ਤੇ, ਅਸਾਂ ਨੈਣ ਵਿਛਾਈ।੨੩।
ਅਸਾਂ ਈਨ ਮੰਨੀ ਸਰਦਾਰ ਜੀ, ਤੁਹਾਡਾ ਹੁਕਮ ਰੱਬਾਨੀ।
ਡਕੀ ਜਾਏ ਨ ਅਸਾਂ ਤੋਂ, ਆਈ ਤੁਗਿਆਨੀ।
ਤੁਸੀਂ ਬੀਰ ਬਹਾਦਰ ਵਰਯਾਮ, ਤੁਸੀਂ ਰੂਪ ਭਵਾਨੀ।
ਖਾਲਸਾ ਸਦਾ ਦਯਾਲ ਹੈ, ਤਿਆਗੀ ਤੇ ਦਾਨੀ।੨੪।

ਤਦ ਗੜਕਿਆ ਸ਼ੇਰ ਬਘੇਲ ਸਿੰਘ ਜ਼ਰਾ ਹੋ ਅਗੇਰੇ:
ਪਰਜਾ ਨਾਲ ਨ ਤੁਸਾਂ ਦੇ ਵਿਵਹਾਰ ਚੰਗੇਰੇ।
ਬੰਦ ਕਰੋ ਅਨਿਆਂ ਜ਼ੁਲਮ, ਨਹੀਂ ਕਰਸਾਂ ਬੇਰੇ।
ਝੁਲਣੇ ਦਿੱਲੀ ਉਪਰੇ ਖ਼ਾਲਸਈ ਫਰੇਰੇ।੨੫।
ਤਵਾਨ ਭਰੋ ਤੁਸੀਂ ਤਿੰਨ ਲਖ ਰੁਪਿਆ ਜੁਰਮਾਨਾ।
ਵਸੂਲ ਕਰਨਗੇ ਸਿੰਘ ਸਭ ਚੁੰਗੀ ਤਲਬਾਨਾ।
ਗੁਰੂ ਦਰਬਾਰ ਦੀ ਇਜ਼ਤ ਦਾ ਰਖ ਧਿਆਨਾ।
ਗੁਰੂ ਦੁਆਰੇ ਸਾਜਣੇ, ਸਭ ਨਾਲ ਨਿਸ਼ਾਨਾ।੨੬।
ਸ਼ਾਹ ਆਲਮ ਸ਼ਰਤਾਂ ਮੰਨੀਆਂ, ਮੰਨੀ ਗੱਲ ਸਾਰੀ।
ਚਾਰ ਹਜ਼ਾਰ ਸਿੰਘ ਬਘੇਲ ਦੀ ਥਲੇ ਸਰਦਾਰੀ–
ਦਿੱਲੀ ਦੇ ਵਿਚ ਰਹਿਣਗੇ ਉਹ ਪੈਰ ਪਸਾਰੀ–
ਜਦ ਤਕ ਗੁਰੂ ਦੁਆਰਿਆਂ ਦੀ ਰਹੇ ਉਸਾਰੀ।੨੭।
ਰਕਾਬ ਗੰਜ ਬਣਵਾਇਆ ਸਸਕਾਰ ਦੀ ਥਾਏ।
ਸੁੰਦਰੀ ਮਾਤਾ ਸਾਹਿਬ ਕੌਰ ਦੇ ਅਸਥਾਨ ਸਜਾਏ।
ਅਠਵੇਂ ਗੁਰੂ ਹਰਿਕ੍ਰਿਸ਼ਨ ਜੀ ਜਿਸ ਥਾਂ ਸਮਾਏ,
ਬੰਗਲਾ ਸਾਹਿਬ ਜਗ੍ਹਾ ਤੇ ਸੋਭਾ ਪਾਏ।੨੮।
ਜਿਸ ਥਾਂ ਤੇ ਕੀਤੇ ਸ਼ਹੀਦ ਗਏ ਗੁਰੂ ਤੇਗ ਬਹਾਦਰ,
ਢੂੰਡੇ ਥਾਂ-ਨਿਸ਼ਾਨ ਉਹ ਨਾਲ ਸਿਦਕ ਤੇ ਆਦਰ।
ਚੁੰਮੀ ਮਥੇ ਲਾ ਲਈ ਉਸ ਜ਼ਿਮੀ ਦੀ ਚਾਦਰ।
ਸੀਸ ਗੰਜ ਗਿਆ ਥਾਪਿਆ ਜੱਸ ਗਾਣ ਸੁਰਾਸਰ।੨੯।
ਗੁਰਦੁਆਰਾ ਮੋਤੀ ਬਾਗ ਬਣਾ ਝੰਡਾ ਲਹਿਰਾਇਆ।
ਦਮਦਮਾ, ਬਾਲਾ ਸਾਹਿਬ ਨੂੰ ਖ਼ੁਦ ਤਿਆਰ ਕਰਾਇਆ।
ਮਜਨੂੰ ਟਿੱਲੇ ਹਰਿ ਗੋਬਿੰਦ ਗੁਰੂ ਨਾਨਕ ਆਇਆ।
ਨਾਨਕ ਪਿਆਉ ਤੇ ਹੋਰ ਸਭ ਨੂੰ ਬਣਵਾਇਆ।੩੦।
ਸਤਾਰਾਂ ਸੌ ਨਵੇ ਈਸਵੀ ਦਿੱਲੀ ਤੇ ਹਲਾ,
ਕਰ ਕੇ ਕੀਤਾ ਬਘੇਲ ਸਿੰਘ ਵੱਡਾ ਕੰਮ ਭਲਾ।
ਹੋਈ ਉਜਾਗਰ ਪੰਥ ਦੀ ਕੁਰਬਾਨੀ ਕਲਾ।
ਖੁਲ੍ਹਿਆ ਗੁਰ-ਇਤਿਹਾਸ ਦਾ ਘੁਟਿਆ ਪਿਆ ਗਲਾ।੩੧।
ਪਿੰਡ ਝਬਾਲ ਬਘੇਲ ਸਿੰਘ ਦਾ ਅੰਮ੍ਰਿਤਸਰ ਵਾਲਾ।
ਕਰਣੀ ਉਚੀ ਬੀਰ ਦੀ, ਜੀਵਨ ਸੱਚਾਲਾ।
ਦਿੱਲੀ ਫਤਿਹ ਕਰ ਕੇ, ਕਰ ਗਿਆ ਉੱਜਾਲਾ।
ਪੰਥ ਦਾ ਹੋਇਆ 'ਨੀਰ' ਜੀ ਜੱਗ ਬੋਲ ਬਾਲਾ।੩੨।

**ਗੁਰਬਾਣੀ ਰਹਿਤਨਾਮਾ–** ਗੁਰਸਿਖੀ ਰਹਿਤ ਦੀ ਸਹੀ ਸੇਧ ਗੁਰਬਾਣੀ ਹੀ ਦੇਂਦੀ ਹੈ। ਗੁਰਬਾਣੀ ਦੀ ਸੇਧ ਵਿਚ ਸਿੱਖੀ ਰਹਿਤ ਇਸ ਟਰੈਕਟ ਵਿਚ ਦਰਸਾਈ ਗਈ ਹੈ। ਟਰੈਕਟ ਦੇ ਅੰਤ ਵਿਚ ਪੰਥ-ਵਿਰੋਧੀਆਂ ਵਲੋਂ ਕੀਤੀ ਗਈ ਗੁਰਮਤਿ-ਵਿਰੋਧੀ ਮਿਲਾਵਟ ਦੀ ਅਸਲੀਅਤ ਵੀ ਪ੍ਰਗਟਾਈ ਗਈ ਹੈ। ਭੇਟਾ ੧-੦੦

www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ

[ਡਾਕਟਰ ਗੰਡਾ ਸਿੰਘ ਜੀ]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤਿ ਸਮਾਉਣਾ ਇਕ ਕੁਦਰਤੀ ਤੇ ਇਤਿਹਾਸਕ ਘਟਨਾ ਹੈ। ਪਰ ਸਾਡਾ ਦੇਸ਼ ਪੁਰਾਣੀਆਂ ਕਥਾ-ਕਹਾਣੀਆਂ ਉਤੇ ਪਲਿਆ ਹੋਇਆ ਹੈ। ਇਥੇ ਜ਼ਿਆਦਾ ਕਰਕੇ ਲਿਖਿਆ ਗਿਆ ਭੀ ਮਿਥਿਹਾਸ (Mythology) ਅਤੇ ਸਤੋਤਰ ਹੀ ਹੈ, ਅਤੇ ਉਹ ਵੀ ਕਵਿਤਾ ਵਿਚ। ਜਿਨ੍ਹਾਂ ਲਿਖਾਰੀਆਂ ਨੇ ਇਤਿਹਾਸ ਲਿਖਣ ਦਾ ਯਤਨ ਵੀ ਕੀਤਾ ਹੈ, ਉਹ ਵੀ ਮਿਥਿਹਾਸਕ ਕਲਪਨਾ ਤੋਂ ਪੂਰੀ ਤਰ੍ਹਾਂ ਬਚ ਨਹੀਂ ਸਕੇ। ਉਹਨਾਂ ਨੇ ਆਪਣੇ ਸਮੇਂ ਦੇ ਵਿਚਾਰਾਂ ਅਨੁਸਾਰ ਆਪਣੇ ਵਿਸ਼ੇ ਨੂੰ ਢਾਲ ਕੇ ਪੇਸ਼ ਕੀਤਾ ਹੈ ਅਤੇ ਆਪਣੇ ਮਨ ਵਿਚ ਬਣੀ ਹੋਈ ਸ਼ਰਧਾ ਜਾਂ ਵਿਰੋਧ ਨੂੰ ਹੋਰ ਗੂੜ੍ਹਾ ਕਰ ਦਿਤਾ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਯਥਾਰਥਕ ਇਤਿਹਾਸ ਦੀ ਪ੍ਰਥਾ ਇਥੇ ਬਹੁਤ ਹੀ ਘੱਟ ਹੈ। ਅਸਲ ਵਿਚ ਇਤਿਹਾਸ ਹੈ ਹੀ ਇਕ ਸਾਮੀ ਜਾਂ ਅਰਬੀ ਇਲਮ, ਅਤੇ ਇਸ ਦਾ ਵਿਕਾਸ ਤੇ ਇਸ ਦੀ ਪ੍ਰਪੱਕਤਾ ਵੀ ਉਨ੍ਹਾਂ ਲੋਕਾਂ ਵਿਚ ਉਸੇ ਤਰ੍ਹਾਂ ਹੋਈ ਹੈ, ਜਿਵੇਂ ਕਿ ਹਿੰਦੁਸਤਾਨੀਆਂ ਵਿਚ ਕਾਵਿ, ਫ਼ਿਲਾਸਫ਼ੀ, ਹਿਸਾਬ ਆਦਿ ਉੱਚੀਆਂ ਟੀਸੀਆਂ ਪਰ ਪੁਜੇ ਹਨ। ਭਾਰਤ ਨੇ ਬੜੇ ਬੜੇ ਮਹਾਂ ਕਵੀਆਂ ਅਤੇ ਰੂਹਾਨੀ ਫ਼ਿਲਾਸਫ਼ਰਾਂ ਨੂੰ ਜਨਮ ਦਿਤਾ ਹੈ, ਜਿਨ੍ਹਾਂ ਦੀਆਂ ਦਿਮਾਗੀ ਦੌੜਾਂ ਅਤੇ ਇਸ ਦਿਸਦੇ ਸੰਸਾਰ ਤੋਂ ਦੂਰ ਅਨੰਤ ਗਗਨਾਂ ਵਿਚ ਉਡਾਰੀਆਂ ਵਿਚ ਹਾਲ ਤੀਕ ਵੀ ਉਹਨਾਂ ਨੂੰ ਕੋਈ ਛੂਹ ਨਹੀਂ ਸਕਿਆ। ਇਸ ਦ੍ਰਿਸ਼ਟਮਾਨ ਸੰਸਾਰ ਨੂੰ ਉਹ ਮਿਥਿਆ ਸਮਝਦੇ ਸਨ ਅਤੇ ਇਸ ਦੇ ਨਾਸ਼ਵਾਨ ਮਨੁੱਖਾਂ ਨਾਲ ਦਿਨ ਦਿਨ ਬੀਤਦੀਆਂ ਘਟਨਾਵਾਂ ਨੂੰ ਛਿਨ-ਭੰਗੁਰੀ ਮਾਇਆ-ਜਾਲ; ਇਸ ਤੋਂ ਬਚਣ ਅਤੇ ਦੂਰ ਰਹਿਣ ਵਿਚ ਹੀ ਮਨੁੱਖੀ ਜੀਵਨ ਦੀ ਕਲਿਆਣ ਸਮਝੀ ਜਾਂਦੀ ਸੀ। ਇਸ ਲਈ ਇਨ੍ਹਾਂ ਨੂੰ ਮੁੜ ਚੇਤੇ ਕਰਨ ਜਾਂ ਇੰਨ-ਬਿੰਨ ਲਿਖ ਰੱਖਣ ਨੂੰ ਉਹ ਇਕ ਵਿਅਰਥ ਗੱਲ ਸਮਝਦੇ ਸਨ, ਇਸੇ ਲਈ ਹੀ ਉਨ੍ਹਾਂ ਨੇ ਇਸ ਹੁਨਰ ਵਲ ਕੋਈ ਖ਼ਾਸ ਧਿਆਨ ਨਹੀਂ ਦਿਤਾ। ਇਸ ਤੋਂ ਬਿਨਾਂ ਉਹਨਾਂ ਦੀ ਫ਼ਿਲਾਸਫ਼ੀ ਅਨੁਸਾਰ ਮਨੁੱਖਾਂ ਦੀਆਂ ਅਨੰਤ ਜੂਨਾਂ ਹਨ ਅਤੇ ਉਹਨਾਂ ਨੇ ਮੁੜ ਮੁੜ ਜਨਮ ਲਈ ਜਾਣਾ ਹੈ, ਇਸ ਲਈ ਉਨ੍ਹਾਂ ਨੂੰ ਕੋਈ ਕਾਹਲੀ ਵੀ ਨਹੀਂ ਸੀ।

ਪਰ ਜਦ ਵਿਦੇਸ਼ੀ ਲੋਕ ਲਹਿੰਦੇ ਵਲੋਂ ਇਸ ਹੁਨਰ ਨੂੰ ਆਪਣੇ ਨਾਲ ਲੈ ਵੀ ਆਏ ਤਾਂ ਵੀ ਭਾਰਤੀਆਂ ਨੇ ਇਸ ਨੂੰ ਛੇਤੀ ਛੇਤੀ ਨਹੀਂ ਅਪਣਾਇਆ। ਵਿਦੇਸ਼ੀ ਲੋਕਾਂ ਨੂੰ ਇਹ ਮਲੇਛ ਸੱਦਦੇ ਸਨ ਅਤੇ ਉਹਨਾਂ ਦੀ ਬੋਲੀ ਅਤੇ ਇਲਮ ਨੂੰ ਮਲੇਛ-ਵਿਦਿਆ, ਜਿਸ ਨੂੰ ਪੜ੍ਹਨਾ ਚੰਗਾ ਨਹੀਂ ਸੀ ਸਮਝਿਆ ਜਾਂਦਾ। ਪਰ ਜਿਉਂ ਜਿਉਂ ਪਠਾਣ ਅਤੇ ਮੁਗਲ ਇਥੇ ਵੱਸਦੇ ਗਏ, ਇਥੇ ਉਹਨਾਂ ਦਾ ਰਾਜ ਪੱਕਾ ਹੁੰਦਾ ਗਿਆ ਅਤੇ ਇਥੋਂ ਦੇ ਪੁਰਾਣੇ ਹਿੰਦੂ ਵਸਨੀਕ ਰਾਜ-ਕਾਜ ਵਿਚ ਕਰਮਚਾਰੀ ਬਣਨੇ ਸ਼ੁਰੂ ਹੋ ਗਏ ਤਾਂ ਉਹਨਾਂ ਲਈ ਰਾਜ-ਭਾਸ਼ਾ ਪੜ੍ਹਨਾ ਜ਼ਰੂਰੀ ਹੋ ਗਿਆ। ਇਸ ਤਰ੍ਹਾਂ ਉਹ ਯਥਾਰਥ ਇਤਿਹਾਸ ਤੋਂ ਵੀ ਜਾਣੂ ਹੋਣ ਲਗ ਪਏ। ਪਰ ਇਸ ਦੇ ਲਿਖਣ ਦੇ ਹੁਨਰ ਨੂੰ ਅਪਣਾਇਆ ਉਹਨਾਂ ਵਿਚੋਂ ਬਹੁਤ ਹੀ ਘੱਟ ਨੇ, ਕਿਧਰੇ ਕਿਸੇ ਟਾਵੇਂ ਟਾਵੇਂ ਨੇ ਹੀ। ਪਰ ਜਨਮ-ਜਨਮਾਂਤ੍ਰਾਂ ਤੋਂ ਹੱਡਾਂ ਵਿਚ ਰਚੀ ਆ ਰਹੀ ਕਥਾ-ਕਲਪਨਾ ਦੀ ਇਸ ਵਿਚ ਮਿਲਾਵਟ ਕਰਨ ਤੋਂ ਪੂਰੀ ਤਰ੍ਹਾਂ ਹੋਰ ਵੀ ਘੱਟ ਬਚ ਸਕੇ, ਖ਼ਾਸ ਕਰਕੇ ਉਸ ਵੇਲੇ ਜਦ ਕਿ ਉਨ੍ਹਾਂ ਨੇ ਮਹਾਂ-ਪੁਰਸ਼ਾਂ ਦੀਆਂ ਜੀਵਨੀਆਂ ਲਿਖਣ ਦਾ ਯਤਨ ਕੀਤਾ। ਇਹ ਗੱਲ ਹਿੰਦੂ ਲਿਖਾਰੀਆਂ ਦੇ ਲਿਖੇ ਅਨੇਕਾਂ ਜੀਵਨ ਚਰਿਤ੍ਰਾਂ ਅਤੇ ਸਿੱਖਾਂ ਦੀਆਂ ਲਿਖੀਆਂ ਜਨਮ ਸਾਖੀਆਂ, ਗੁਰਬਿਲਾਸਾਂ, ਪੰਥ ਪ੍ਰਕਾਸ਼ਾਂ ਆਦਿ ਪੁਸਤਕਾਂ ਤੋਂ ਸਪੱਸ਼ਟ ਹੈ।

ਇਤਿਹਾਸ ਅਤੇ ਕਵਿਤਾ ਦੋ ਵੱਖਰੇ ਇਲਮ ਹਨ। ਇਕ ਦਾ ਦੂਸਰੇ ਨਾਲ ਕੋਈ ਸੰਬੰਧ ਨਹੀਂ। ਇਤਿਹਾਸ ਇਕ ਸਾਇੰਸ ਹੈ, ਜਿਸ ਵਿਚ ਹਿਸਾਬ ਦੀ ਤਰ੍ਹਾਂ ਪੱਕਾ ਠੀਕ ਠੀਕ ਰਹਿਣਾ ਚਾਹੀਦਾ ਹੈ ਅਤੇ ਆਪਣੇ ਮਸਾਲੇ ਤੋਂ ਰਤਾ ਭਰ ਵੀ ਇਧਰ ਉਧਰ ਹੋਣ ਦੀ ਗੁੰਜਾਇਸ਼ ਨਹੀਂ, ਕਿਉਂਕਿ ਫਿਰ ਉਸ ਹਦ ਤਕ ਉਸ ਵਿਚ ਗ਼ਲਤੀ ਦੀ ਮਿਲਾਵਟ ਹੋ ਜਾਣ ਦਾ ਖ਼ਤਰਾ ਹੈ ਜਿਸ ਨਾਲ ਕਿ ਉਹ ਸੱਚਾ ਸੁੱਚਾ ਇਤਿਹਾਸ ਨਹੀਂ ਰਹਿ ਜਾਂਦਾ। ਦੂਸਰੇ



www.AKJ.Org

ਪਾਸੇ ਕਵਿਤਾ ਦਿਮਾਗੀ ਉੱਚ-ਉਡਾਰੀਆਂ ਦਾ ਹੁਨਰ ਹੈ। ਜਿਤਨਾ ਉੱਚਾ ਕੋਈ ਵਿਦਵਾਨ ਖ਼ਿਆਲਾਂ ਦੀ ਦੁਨੀਆ ਵਿਚ ਉਡ ਸਕਦਾ ਹੈ ਅਤੇ ਆਪਣੀ ਵਿਚਾਰ-ਕਲਪਨਾ ਨੂੰ ਸੁਯੋਗ ਅਤੇ ਸੁੰਦਰ ਸ਼ਬਦਾਂ ਵਿਚ ਬੰਨ੍ਹ ਸਕਦਾ ਹੈ, ਉਤਨਾ ਹੀ ਨਿਪੁੰਨ ਅਤੇ ਮਨਮੋਹਣਾ ਉਹ ਕਵੀ ਹੈ।

ਸਿੱਖ ਗੁਰੂ ਸਾਹਿਬਾਨ ਦੇ ਜੀਵਨ-ਚਰਿਤ੍ਰ ਲਿਖਣ ਵਾਲੇ ਵਿਦਵਾਨ ਜਿਥੇ ਬੜੀਆਂ ਉੱਚੇ ਅਸਮਾਨੀ ਉਡਾਰੀਆਂ ਵਾਲੇ ਮਹਾਨ ਕਵੀ ਸਨ, ਉਥੇ ਹੀ ਉਹ ਪ੍ਰਾਚੀਨ ਹਿੰਦੂ ਪੁਰਾਣਿਕ ਗਰੰਥਾਂ, ਸਾਮੀ ਅਰਥਾਤ ਯਹੂਦੀ, ਈਸਾਈ ਅਤੇ ਇਸਲਾਮਿਕ ਸਾਹਿਤ ਤੋਂ ਵੀ ਵਾਕਫ਼ ਸਨ, ਜੋ ਆਪਣੇ ਬਜ਼ੁਰਗਾਂ ਸੰਬੰਧੀ ਕਰਾਮਾਤੀ ਕਹਾਣੀਆਂ ਨਾਲ ਭਰਪੂਰ ਹਨ। ਕੁਝ ਲੋਕ ਤਾਂ ਅਲੌਕਿਕ ਕ੍ਰਿਸ਼ਮਿਆਂ ਅਤੇ ਗ਼ੈਰ-ਕੁਦਰਤੀ ਕਰਾਮਾਤਾਂ ਨੂੰ ਹੀ ਧਾਰਮਕ ਮਹਾਂ ਪੁਰਖਾਂ ਦੀ ਬਜ਼ੁਰਗੀ ਦੀ ਨਿਸ਼ਾਨੀ ਸਮਝਦੇ ਹਨ ਅਤੇ ਹੁਣ ਤਕ ਸਮਝ ਰਹੇ ਹਨ। ਖਿਆਲ ਦੇ ਅਸਰ ਹੇਠਾਂ ਬਹੁਤ ਸਾਰੇ ਸਿੱਖ ਲਿਖਾਰੀਆਂ ਨੇ ਵੀ ਆਪਣੀਆਂ ਦਿਮਾਗੀ ਕਾਵਿ-ਉਡਾਰੀਆਂ ਅਤੇ ਕਲਪਨਾ-ਸ਼ਕਤੀ ਨੂੰ ਪੂਰੀ-ਪੂਰੀ ਖੁਲ੍ਹ ਦਿਤੀ ਹੈ ਅਤੇ ਗੁਰੂ ਸਾਹਿਬਾਂ ਦੀ ਬਜ਼ੁਰਗੀ, ਆਤਮਕ ਅਤੇ ਧਾਰਮਕ ਉੱਚਤਾ ਨੂੰ ਹੋਰ ਧਰਮਾਂ ਵਾਲਿਆਂ ਨਾਲੋਂ ਕਿਸੇ ਪਾਸਿਉਂ ਵੀ ਘੱਟ ਨਾ ਰਹਿਣ ਦੇਣ ਲਈ ਕਈ ਇਕ ਅਲੌਕਿਕ ਕਥਾਵਾਂ ਉਹਨਾਂ ਦੇ ਜੀਵਨ-ਚਰਿੱਤਰਾਂ ਵਿਚ ਰਲਾ ਦਿਤੀਆਂ ਹਨ। ਆਪਣੀ ਵਲੋਂ ਤਾਂ ਇਹਨਾਂ ਵਿਦਵਾਨਾਂ ਨੇ ਆਪਣੇ ਸਮੇਂ ਦੇ ਲੋਕਾਂ ਦੀਆਂ ਰੁਚੀਆਂ ਅਨੁਸਾਰ ਗੁਰੂ ਸਾਹਿਬਾਂ ਦੇ ਜੀਵਨ ਚਰਿੱਤ੍ਰਾਂ ਵਿਚ ਆਪਣੀਆਂ ਕਲਪਨਾ ਰਲਾ ਕੇ ਸੱਚ ਵਿਚ ਝੂਠ ਦੀ ਜ਼ਹਿਰ ਮਿਲਾ ਗਏ ਹਨ, ਅਤੇ ਜਾਣੇ ਜਾਂ ਅਨਜਾਣੇ ਉਹਨਾਂ ਨਿਰੋਲ ਇਤਿਹਾਸ ਨੂੰ ਮਿਥਿਹਾਸ ਬਣਾ ਕੇ ਰੱਖ ਦਿਤਾ ਹੈ, ਜਿਸ ਦਾ ਨਤੀਜਾ ਇਹ ਹੋਇਆ ਕਿ ਯਥਾਰਥਕ ਇਤਿਹਾਸ ਦੇ ਵਿਦਿਆਰਥੀਆਂ ਦੀਆਂ ਨਜ਼ਰਾਂ ਵਿਚ ਸਿੱਖ ਇਤਿਹਾਸ ਦੇ ਅਨੰਤ ਵਾਕਿਆਤ ਸ਼ੱਕੀ ਹੋ ਗਏ ਹਨ ਅਤੇ ਕਈ ਹੋਰ ਸਪੱਸ਼ਟ ਵਾਕਿਆਤ ਪਰ ਵੀ ਸ਼ੰਕਾ ਹੋਣ ਲਗ ਪਈ ਹੈ। ਹੋਰ ਤਾਂ ਇਕ ਪਾਸੇ ਰਿਹਾ, ਗੁਰੂ ਸਾਹਿਬਾਂ ਦੇ ਜੋਤੀ ਜੋਤਿ ਸਮਾਉਣ ਦੇ ਸਪੱਸ਼ਟ ਕੁਦਰਤੀ ਵਾਕਿਆਤ ਨੂੰ ਵੀ ਸਾਡੇ ਮਹਾਨ ਕਵੀਆਂ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਉਹ ਅਲੌਕਿਕ ਕ੍ਰਿਸ਼ਮੇ ਜਾਪਣ। ਪਰ ਸਾਰਾ ਸੰਸਾਰ ਕ੍ਰਿਸ਼ਮਿਆਂ ਅਤੇ ਕਰਾਮਾਤਾਂ ਵਿਚ ਯਕੀਨ ਨਹੀਂ ਰੱਖਦਾ। ਕੁਦਰਤੀ ਇਤਿਹਾਸਕ ਸਚਾਈ ਦੇ ਢੂੰਡਾਊ ਜਾਂ ਤਾਂ ਇਹਨਾਂ ਨੂੰ ਲੇਖਕਾਂ ਦੀਆਂ ਮਨੋ-ਕਲਪਨਾ ਸਮਝਦੇ ਹਨ ਜਾਂ ਕਿਸੇ ਇਤਰਾਜ਼ ਯੋਗ ਗੱਲ ਨੂੰ ਛੁਪਾਉਣ ਲਈ ਜਾਂ ਕਿਸੇ ਅਨੁਸੂਚਿਤ ਸੁਆਰਥ ਲਈ ਸਿੱਧੀ ਲਈ ਪਾਇਆ ਹੋਇਆ ਪਰਦਾ।

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਆਦਿ ਸੰਬੰਧੀ ਮੁਗ਼ਲ ਬਾਦਸ਼ਾਹਾਂ ਦੀ ਜ਼ੁਮੇਵਾਰੀ ਨੂੰ ਘਟਾਉਣ ਲਈ ਵਿਰੋਧੀਆਂ ਦੇ ਹੱਥਾਂ ਨੂੰ ਉਹ ਕਾਵਿ-ਕਲਪਨਾ ਅਤੇ ਕਰਾਮਾਤੀ ਕਹਾਣੀਆਂ ਮਜ਼ਬੂਤ ਕਰਨ ਲਈ ਵਰਤੀਆਂ ਜਾਂਦੀਆਂ ਹਨ ਜੋ ਸਾਡੇ ਲਿਖਾਰੀਆਂ ਨੇ ਆਪਣੇ ਗ੍ਰੰਥਾਂ ਵਿਚ ਉਹਨਾਂ ਦੇ ਆਪੇ ਅਲੋਪ ਹੋ ਜਾਣ ਜਾਂ ਉਹਨਾਂ ਦੀ ਕਰਾਮਾਤ ਦੱਸਣ ਲਈ ਦਰਜ ਕੀਤੀਆ ਹੋਈਆਂ ਹਨ। ਦੇਹ-ਸਮੇਤ ਅਲੋਪ ਹੋ ਜਾਣ ਦੀਆਂ ਕਥਾਵਾਂ ਗੁਰੂ ਨਾਨਕ ਦੇਵ ਜੀ ਤੇ ਬਾਬਾ ਸ੍ਰੀ ਚੰਦ ਜੀ ਨਾਲ ਵੀ ਸੰਬੰਧਤ ਹਨ ਤੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਆਪਣਾ ਘੋੜਾ ਵੀ ਨਾਲ ਹੀ ਸਵਰਗ ਲੋਕ ਨੂੰ ਲੈ ਗਏ ਲਿਖਿਆ ਹੋਇਆ ਹੈ। ਇਸ ਤਰ੍ਹਾਂ ਸਮਾਂ ਬੀਤਦੇ ਜਾਣ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾ ਜਾਣ ਤੋਂ ਬਾਅਦ ਹੋਰ ਕਈ ਕਥਾਵਾਂ ਵਿਦਵਾਨ ਕਵੀਆਂ ਦੀਆਂ ਉੱਚ ਦਿਮਾਗੀ ਉਡਾਰੀਆਂ ਦੁਆਰਾ ਬਣਦੀਆਂ ਅਤੇ ਜੁੜਦੀਆਂ ਰਹੀਆਂ ਹਨ, ਜਿਹਨਾਂ ਦਾ ਕੁਝ ਕੁ ਸੰਖੇਪ ਜ਼ਿਕਰ ਅੱਗੇ ਕੀਤਾ ਜਾਵੇਗਾ।

ਇਹ ਇਕ ਇਤਿਹਾਸਕ ਸਚਾਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੱਖਣ (ਮਹਾਰਾਸ਼ਟਰਾ) ਦੇਸ਼ ਵਿਚ ਨਾਂਦੇੜ ਦੇ ਅਸਥਾਨ ਪਰ ਕੱਤਕ ਸੁਦੀ ਪੰਜਵੀਂ (ਕੱਤਕ ਪ੍ਰਵਿਸ਼ਟਾ ੬) ਸੰਮਤ ੧੭੬੫ ਬਿ:, ੭ ਅਕਤੂਬਰ ਸੰਨ ੧੭੦੮ ਈ:, ੩ ਸ਼ਾਬਾਨ ੧੧੨੦ ਹਿਜਰੀ ਨੂੰ ਜੋਤੀ ਜੋਤਿ ਸਮਾ ਗਏ ਸਨ।

ਬਹਾਦੁਰ ਸ਼ਾਹ ਬਾਦਸ਼ਾਹ ਇਸ ਵੇਲੇ ਨਾਂਦੇੜ ਤੋਂ ਗੋਦਾਵਰੀ ਨਦੀ ਪਾਰ ਕਰ ਕੇ ਆਪਣੇ ਭਰਾ ਕਾਮਬਖਸ਼ ਦੀ ਬਗ਼ਾਵਤ ਨੂੰ ਮਿਟਾਉਣ ਲਈ ਉਸ ਦੇ ਵਿਰੁਧ ਜਾ ਚੁਕਾ ਸੀ। ੨੬ ਸ਼ਾਬਾਨ (੩੦ ਅਕਤੂਬਰ) ਨੂੰ ਉਸ ਨੇ


www.AKJ.Org

ਹੁਕਮ ਦਿਤਾ ਕਿ ਸੁਰਗਵਾਸੀ ਗੁਰੂ ਗੋਬਿੰਦ ਸਿੰਘ ਨਾਨਕ ਪੰਥੀ ਦੇ (ਮਾਤਾ ਸੁੰਦਰੀ ਜੀ ਦੇ ਲੈ-ਪਾਲਕ) ਪੁਤ੍ਰ ਨੂੰ ਮਾਤਮੀ ਖ਼ਿਅਲਤ ਦੇ ਦਿਤੀ ਜਾਏ। ੯ ਰਮਜ਼ਾਨ (੧੧ ਨਵੰਬਰ) ਨੂੰ ਬਾਦਸ਼ਾਹ ਦੇ ਹਜ਼ੂਰ ਅਰਜ਼ ਹੋਈ ਕਿ ਗੁਰੂ ਗੋਬ੍ਰਿੰਦ ਸਿੰਘ ਜੀ ਦੀ ਜਾਇਦਾਦ ਕਾਫ਼ੀ ਹੈ, ਉਸ ਦੀ ਜ਼ਬਤੀ ਸੰਬੰਧੀ ਕੀ ਸ਼ਾਹੀ ਹੁਕਮ ਹੈ ? ਬਾਦਸ਼ਾਹ ਨੇ ਹੁਕਮ ਦਿਤਾ ਕਿ "ਇਹ ਦਰਵੇਸ਼ਾਂ ਦਾ ਮਾਲ ਹੈ, ਇਸ ਵਿਚ ਕੋਈ ਰੋਕ ਨਾ ਪਾਓ, ਇਸ ਮਾਲ ਨਾਲ ਬਾਦਸ਼ਾਹੀ ਖ਼ਜ਼ਾਨਾ ਨਹੀਂ ਭਰ ਜਾਣਾ (ਅਖ਼ਬਾਰਿ ਦਰਬਾਰਿ-ਮੁਅੱਲਾ)"। ਇਹਨਾਂ ਦੋਹਾਂ ਖ਼ਬਰਾਂ ਵਿਚ, ਜੋ ਚਾਰ ਪੰਜ ਸਾਤਿਆਂ ਦੇ ਅੰਦਰ ਦੀਆਂ ਅਤੇ ਬੜੀ ਇਤਿਹਾਸਕ ਮਹੱਤਤਾ ਵਾਲੇ ਰਿਕਾਰਡ ਦੀਆਂ ਹਨ, ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਸ਼ਬਦ 'ਮਾਤਮੀ' ਅਤੇ 'ਮੁਤਵੱਫ਼ਾ' ਵਰਤੇ ਹੋਏ ਹਨ, ਜੋ ਕੇਵਲ ਸਰੀਰ ਛੱਡ ਚੁਕੇ ਮਨੁੱਖਾਂ ਲਈ ਹੀ ਵਰਤੇ ਜਾਂਦੇ ਹਨ, ਜੀਊਂਦਿਆਂ ਲਈ ਨਹੀਂ। ਇਸ 'ਵੇਲੇ ਦੀ ਗਵਾਹੀ' ਤੋਂ ਬਾਅਦ ਕਿਸੇ ਹੋਰ ਗਵਾਹੀ ਦੀ ਲੋੜ ਨਹੀਂ ਰਹਿ ਜਾਂਦੀ। ਪਰ ਗੁਰੂ ਗੋਬਿੰਦ ਸਿੰਘ ਜੀ ਇਕ ਇਤਿਹਾਸਕ ਮਹਾਪੁਰਖ ਸਨ, ਇਸ ਲਈ ਉਹਨਾਂ ਦੇ ਜੀਵਨ ਅਤੇ ਦੇਹਾਂਤ ਦਾ ਜ਼ਿਕਰ ਅਨੰਤ ਇਤਿਹਾਸਕ ਗ੍ਰੰਥਾਂ ਵਿਚ ਆਇਆ ਹੈ, ਜੋ ਸਮਕਾਲੀ ਅਤੇ ਬਾਅਦ ਦੇ ਮੁਸਲਮਾਨ, ਸਿੱਖ ਅਤੇ ਈਸਾਈ ਇਤਿਹਾਸਕਾਰਾਂ ਨੇ ਲਿਖੇ ਹਨ।

'ਸ੍ਰੀ ਗੁਰੂ ਸੋਭਾ' ਗ੍ਰੰਥ ਅਨੰਦਪੁਰ ਸਾਹਿਬ ਵਿਚ ਹਜ਼ੂਰ ਦੇ ਇਕ ਦਰਬਾਰੀ ਵਿਦਵਾਨ ਕਵੀ ਸੈਨਾਪਤਿ ਨੇ ਗੁਰੂ ਸਾਹਿਬ ਦੇ ਦੇਹਾਂਤ ਦੇ ਤਿੰਨਾਂ ਵਰ੍ਹਿਆਂ ਅੰਦਰ ਹੀ ਸੰਮਤ ੧੭੬੮ ਬਿ:, ਸੰਨ ੧੭੧੧ ਈਸਵੀ ਸਮਾਪਤ ਕੀਤਾ ਸੀ। ਉਸ ਨੇ ਆਪਣੇ ਅਠਾਰ੍ਹਵੇਂ ਅਧਿਆਏ (੩੨–੪੩) ਵਿਚ ਸਪੱਸ਼ਟ ਲਿਖਿਆ ਹੈ ਕਿ ਕੱਤਕ ਸੁਦੀ ਪੰਚਮੀ ਸੰਮਤ ੧੭੬੫ ਨੂੰ ਨਾਂਦੇੜ ਵਿਚ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾ ਗਏ ਅਤੇ ਉਹਨਾਂ ਦਾ ਸਸਕਾਰ ਕਰ ਦਿਤਾ ਗਿਆ।

ਮਿਰਜ਼ਾ ਮੁਹੰਮਦ ਹਾਰਿਸ਼ੀ ਨੇ ਆਪਣੀ ਪੁਸਤਕ 'ਇਬ੍ਰਤਨਾਮਾ-ਸਵਾਨਿਹ' ਵਿਚ, ਜੋ ਸੰਨ ੧੭੧੯ ਈਸਵੀ (ਸੰਨ ੧੧੩੧ ਹਿਜਰੀ) ਵਿਚ ਖ਼ਤਮ ਹੋਈ, ਲਿਖਿਆ ਹੈ ਕਿ ਦੱਖਣ ਵਿਚ ਦੇਹਾਂਤ ਤੋਂ ਬਾਅਦ ਗੁਰੂ ਸਾਹਿਬ ਦੇ ਸਰੀਰ ਨੂੰ ਅਗਨ ਭੇਟ ਕਰ ਦਿਤਾ ਗਿਆ। ਸੱਯਦ ਮੁਹੰਮਦ ਕਾਸ਼ਿਮ ਨੇ 'ਇਬ੍ਰਤ-ਨਾਮਾ' (੧੧੩੫ ਹਿਜਰੀ, ਸੰਨ ੧੭੨੨ ਈ:) ਅਤੇ 'ਇਬ੍ਰਤ-ਮਕਾਲ' (੧੧੪੪ ਹਿਜਰੀ, ਸੰਨ ੧੭੩੧ ਈਸਵੀ) ਵਿਚ ਲਿਖਿਆ ਹੋਇਆ ਹੈ ਕਿ ਗੁਰੂ ਸਾਹਿਬ ਦੇ ਸਿੱਖਾਂ ਨੇ ਉਹਨਾਂ ਨੂੰ ਚੰਦਨ ਦੀ ਚਿਖਾ ਵਿਚ ਅਗਨੀ ਦੇ ਸਪੁਰਦ ਕਰ ਦਿਤਾ। ਇਸੇ ਤਰ੍ਹਾਂ ਰਾਇ ਚਤਰਮਨ ਸੰਨ ੧੭੫੯ ਈਸਵੀ ਨੂੰ ਪੂਰਨ ਹੋਈ 'ਚਹਾਰ ਗੁਲਸ਼ਨ ਅਖਬਾਰੁ ਨਵਾਂਦਿਰਾ' (੧੧੭੩ ਹਿਜਰੀ) ਵਿਚ ਲਿਖਦਾ ਹੈ ਕਿ ਗੁਰੂ ਸਾਹਿਬ ਦਾ ਉਥੇ ਨਾਂਦੇੜ ਵਿਚ ਦੇਹਾਂਤ ਹੋ ਗਿਆ ਸੀ। 'ਅਖ਼ਬਾਰਿ ਦਰਬਾਰਿ-ਮੁਅੱਲਾ' ਦੇ ਲੇਖਕ ਅਤੇ ਪਿਛਲੇ ਤਿੰਨ ਮੁਸਲਮਾਨ ਅਤੇ ਹਿੰਦੂ ਨਿਰਪੱਖ ਲਿਖਾਰੀ ਹਨ, ਇਸ ਲਈ ਉਹਨਾਂ ਦੀ ਅਤੇ ਸੈਨਾਪਤਿ ਆਦਿ ਦੀ ਸਮਕਾਲੀ ਗਵਾਹੀ ਤੋਂ ਬਾਅਦ ਹੋਰ ਕਿਸੇ ਗਵਾਹੀ ਦੀ ਲੋੜ ਨਹੀਂ ਰਹਿ ਜਾਂਦੀ। ਇਹਨਾਂ ਵਿਚੋਂ ਕਿਸੇ ਨੇ ਵੀ ਗੁਰੂ ਸਾਹਿਬ ਦੇ ਦੇਹਾਂਤ ਸੰਬੰਧੀ ਕੋਈ ਸ਼ੱਕ ਵਾਲੀ ਗੱਲ ਨਹੀਂ ਲਿਖੀ। ਰਾਇ ਚਤਰਮਨ ਦਿੱਲੀ ਵਿਚ ਬਿਰਾਜਮਾਨ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਦਾ ਜਾਣੂ ਸੀ ਅਤੇ ਉਸ ਨੇ ਇਹਨਾਂ ਦੋਹਾਂ ਦੇ ਦੇਹਾਂਤ ਦਾ ਵੀ ਜ਼ਿਕਰ ਕੀਤਾ ਹੈ। ਇਸ ਲਈ ਇਸ ਦੀ ਗਵਾਹੀ ਹੋਰ ਵੀ ਪ੍ਰਮਾਣਿਕ ਹੈ।

ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਣ ਤੋਂ ਬਾਅਦ ਦਰਸ਼ਨ ਆਦਿ ਦੀ ਕਹਾਣੀ ਦਾ ਆਰੰਭ ਕੋਇਰ ਸਿੰਘ ਦੇ 'ਗੁਰ ਬਿਲਾਸ ਪਾਤਸ਼ਾਹੀ ਦਸ' ਤੋਂ ਹੁੰਦਾ ਹੈ। ਗੁਰੂ ਸਾਹਿਬ ਦੇ ਅੰਤ ਸਮੇਂ ਦਾ ਜ਼ਿਕਰ ਕਰਦਾ ਹੋਇਆ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦੀ ਰਸਮ ਉਪ੍ਰੰਤ ਅਤੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਨਿਸਚਾ ਧਾਰਨ ਦਾ ਉਪਦੇਸ਼ ਦੇਣ ਪਿਛੋਂ ਸਸਕਾਰ ਕਰਨ ਦਾ ਜ਼ਿਕਰ ਕਰਦਾ ਹੈ। ਦੂਸਰੇ ਦਿਨ ਸਵੇਰੇ ਫੁੱਲ ਚੁਗਣ ਵੇਲੇ ਸਿੱਖਾਂ ਨੂੰ ਸੋਗ ਵਿਚ ਵੇਖ ਕੇ ਉਥੇ ਆਏ ਇਕ ਉਦਾਸੀ ਨੇ ਕਿਹਾ ਕਿ ਸਿੱਖਾਂ ਨੂੰ ਸੋਗ ਨਹੀਂ ਕਰਨਾ ਚਾਹੀਏ, ਮੈਨੂੰ ਗੁਰੂ ਜੀ ਆਪ ਮਿਲੇ ਹਨ ਅਤੇ ਸੋਗ ਨਾ ਕਰਨ ਦਾ ਸੁਨੇਹਾ ਦਿਤਾ ਹੈ। ਕੋਇਰ ਸਿੰਘ ਦੀ ਇਹ ਲਿਖਤ ਗੁਰੂ ਸਾਹਿਬ ਦੇ ਦੇਹਾਂਤ ਤੋਂ ਕੋਈ ੪੩ ਸਾਲ ਬਾਅਦ ਦੀ ਹੈ। ਮਾਲੂਮ ਹੁੰਦਾ ਹੈ ਕਿ ਕਵੀ ਨੇ ਸਿੱਖਾਂ ਨੂੰ ਗੁਰੂ ਸਾਹਿਬ ਦੇ ਦੇਹਾਂਤ



www.AKJ.Org

ਸੰਬੰਧੀ ਸੋਗ ਨਾ ਕਰਨ ਦਾ ਉਪਦੇਸ਼ ਇਕ ਸੰਸਾਰ-ਤਿਆਗੀ ਮਨੋ-ਕਲਪਤ ਉਦਾਸੀ ਦੇ ਮੂੰਹੋਂ ਦਿਤਾ ਹੈ। ਉਹ ਉਸ ਦਾ ਕੋਈ ਨਾਉਂ ਨਿਸ਼ਾਨ ਪਤਾ ਆਦਿ ਕੁਝ ਵੀ ਨਹੀਂ ਦਿੰਦਾ। ਬਾਅਦ ਦੇ ਕਿਸੇ ਕਵੀ ਨੇ ਵੀ ਉਸ ਦਾ ਕੋਈ ਥਾਉਂ ਪਤਾ ਨਹੀਂ ਦਸਿਆ। ਬਲਕਿ ਕੇਸਰ ਸਿੰਘ ਛਿੱਬਰ (ਬੰਸਾਵਲੀਨਾਮਾ, ਸੰਨ ੧੭੬੯-੭੦ ਈ:), ਸਰੂਪ ਦਾਸ (ਮਹਿਮਾ ਪ੍ਰਕਾਸ਼, ਸੰਨ ੧੮੦੦ ਈ:) ਅਤੇ ਬੀਰ ਸਿੰਘ ਬੱਲ (ਸਿੰਘ ਸਾਗਰ, ਸੰਨ ੧੮੨੮ ਈਸਵੀ) ਆਦਿ ਨੇ ਤਾਂ ਇਸ ਗੱਲ ਨੂੰ ਪ੍ਰਵਾਨ ਵੀ ਨਹੀਂ ਕੀਤਾ।

ਅਸਲ ਘਟਨਾ ਤੋਂ ੯੦ ਸਾਲ ਅਤੇ ਕੋਇਰ ਸਿੰਘ ਤੋਂ ੪੬ ਸਾਲ ਬਾਅਦ ਸੁਖਾ ਸਿੰਘ ਨੇ 'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾ ਜਾਣ ਅਤੇ ਸਸਕਾਰ ਦਾ ਜ਼ਿਕਰ ਕਰਨ ਪਿੱਛੋਂ ਕੋਇਰ ਸਿੰਘ ਦੀ ਤਰ੍ਹਾਂ ਹੀ ਇਕ ਸਾਧੂ ਨੂੰ ਦਰਸ਼ਨ ਹੋਣ ਦਾ ਜ਼ਿਕਰ ਕੀਤਾ ਹੈ ਅਤੇ ਇਸ ਤਰ੍ਹਾਂ ਗੁਰ-ਬਿਲਾਸ ਦੇ ਸਾਰੇ ਧਿਆਇ ਪੂਰੇ ਕਰ ਕੇ ਗ੍ਰੰਥ ਨੂੰ ਸਮਾਪਤ ਕਰ ਦਿਤਾ ਹੈ। ਇਸ ਤੋਂ ਬਾਅਦ ਜਨਵਾੜੇ ਦੇ ਬਾਲਾ ਰਾਇ ਅਤੇ ਰੁਸਤਮ ਰਾਇ ਲੁਟੇਰਿਆਂ ਦੀ ਅਰਦਾਸ ਦੀ ਕਥਾ ਦਰਜ ਹੈ, ਜਿਸ ਵਿਚ ਇਕ ਸਿੱਖ ਦੀ ਅਰਦਾਸ ਨੂੰ ਪ੍ਰਵਾਨ ਕਰ ਕੇ ਗੁਰੂ ਜੀ ਦੀ ਮੂਰਤ ਦੇ ਅੱਧੀ ਰਾਤ ਨੂੰ ਸਤਾਰੇ ਦੇ ਕਿਲ੍ਹੇ ਵਿਚ ਪਹੁੰਚਣ ਅਤੇ ਇਹਨਾਂ ਲੁਟੇਰਿਆਂ ਨੂੰ ਆਪਣੇ ਘੋੜੇ ਦੀਆਂ ਰਕਾਬਾਂ ਪਕੜਾ ਕੇ ਪੰਛੀਆਂ ਦੀ ਤਰ੍ਹਾਂ ਉੱਡ ਜਾਣ ਅਤੇ ੧੨ ਕੋਹਾਂ ਪਰ ਵਿੰਧਿਆਚਲ ਪਰਬਤ ਪਰ ਜਾ ਛੱਡਣ ਦਾ ਜ਼ਿਕਰ ਹੈ। ਇਹ ਕਲਪਨਾ ਆਪਣੇ ਆਪ ਅਜਿਹੀ ਹੈ ਜਿਸ ਨੂੰ ਨਾ ਕੋਈ ਇਤਿਹਾਸ ਦਾ ਵਿਦਿਆਰਥੀ ਹੀ ਸਹੀ ਪ੍ਰਵਾਨ ਕਰ ਸਕਦਾ ਹੈ ਤੇ ਨਾ ਭੂਗੋਲ ਦਾ। ਸਤਾਰੇ ਦੀ ਪਹਾੜੀ ਦੇ ਸਿਖਰ ਪਰ ਚਾਰੋਂ ਪਾਸਿਓਂ ਬੰਦ ਕਿਲ੍ਹੇ ਵਿਚੋਂ ਅੱਧੀ ਰਾਤ ਨੂੰ ਅੰਧੇਰੇ ਵਿਚ ਕੇਵਲ ਕਵੀ ਦੇ ਮਨ ਦੀ ਉਡਾਰੀ ਦੇ ਘੋੜ-ਸਵਾਰ ਦੀ ਮੂਰਤ ਹੀ ਪੁਜ ਕੇ ਕੈਦ ਦੇ ਅੰਦਰੋਂ ਦੋ ਮਨੁੱਖਾਂ ਨੂੰ ਆਪਣੇ ਘੋੜੇ ਦੀਆਂ ਰਕਾਬਾਂ ਫੜਾ ਕੇ, ਪੰਛੀਆਂ ਦੀ ਤਰ੍ਹਾਂ ਉਡਾ ਕੇ ੧੨ ਕੋਹ ਪਰ ਛੱਡ ਸਕਦੀ ਹੈ, ਮਨੁੱਖੀ ਸਰੀਰ ਵਾਲਾ ਜੀਉਂਦਾ ਜਾਗਦਾ ਬੰਦਾ ਨਹੀਂ। ਦੂਸਰੀ ਗੱਲ ਇਹ ਕਿ ਸਤਾਰੇ ਦੇ ਕਿਲ੍ਹੇ ਤੋਂ ਵਿੰਧਿਆ ਪਰਬਤ ਦੀ ਲੜੀ ਸਿੱਧੀ ਪੰਛੀ-ਉਡਾਨ ਨਾਲ ਵੀ ੧੨ ਕੋਹ (ਅਠਾਰਾਂ ਵੀਹ ਮੀਲ) ਨਹੀਂ, ਬਲਕਿ ਤਿੰਨ ਸਾਢੇ ਤਿੰਨ ਸੌ ਮੀਲ ਹੈ, ਜੋ ਕੇਵਲ ਕਵੀ ਦੀ ਖ਼ਿਆਲੀ-ਉਡਾਰੀ ਨਾਲ ਹੀ ਇਕ ਛਿਨ ਵਿਚ ਉਪਰੋਂ ਉਪਰ ਉਡੇ ਜਾ ਸਕਦੇ ਹਨ।

ਪਰ ਕਵੀ ਸੁੱਖਾ ਸਿੰਘ ਜੀ ਦੀ ਇਸ ਕਾਵਿ-ਕਲਪਣਾ ਨੂੰ ਬਾਬਾ ਸਰੂਪ ਦਾਸ ਜੀ ਅਤੇ ਬੀਰ ਸਿੰਘ ਜੀ ਬੱਲ ਨੇ 'ਮਹਿਮਾ ਪ੍ਰਕਾਸ਼' ਅਤੇ 'ਸਿੰਘ ਸਾਗਰ' ਵਿਚ ਪ੍ਰਵਾਨ ਨਹੀਂ ਕੀਤਾ। ਭਾਈ ਸੰਤੋਖ ਸਿੰਘ ਜੀ ਨੇ 'ਸੂਰਜ ਪ੍ਰਕਾਸ਼' (ਸੰਨ ੧੮੪੩) ਵਿਚ ਸਾਧੂ ਨੂੰ ਦਰਸ਼ਨ ਦੇਣ ਦੀ ਕਥਾ ਦੇ ਨਾਲ ਹੀ ਇਕ ਲੱਕੜਾਂ ਲਿਆਣ ਵਾਲੇ ਨੂੰ ਵੀ ਦਰਸ਼ਨ ਦੇਣ ਦੀ ਇਕ ਕਥਾ ਹੋਰ ਵਧਾ ਦਿਤੀ ਹੈ, ਪਰ ਜਨਵਾਰੇ ਦੇ ਲੁਟੇਰਿਆਂ ਨੂੰ ਸਤਾਰੇ ਦੇ ਕਿਲ੍ਹੇ ਵਿਚੋਂ ਰਕਾਬਾਂ ਫੜਾ ਕੇ ਉਡਾ ਲਿਜਾਣ ਦੀ ਵਾਰਤਾ ਛੱਡ ਦਿਤੀ ਹੈ। ਪਰ ਇਸ ਗੱਲ ਤੋਂ ਕੋਈ ਵੀ ਵਿਦਵਾਨ ਨਾਂਹ ਨਹੀਂ ਕਰ ਸਕਦਾ ਕਿ 'ਸੂਰਜ ਪ੍ਰਕਾਸ਼' ਦੇ ਕਰਤਾ ਭਾਈ ਸੰਤੋਖ ਸਿੰਘ ਜੀ ਇਕ ਬੜੇ ਮਹਾਨ ਕਵੀ ਹੋਏ ਹਨ, ਜਿਹਨਾਂ ਦੀਆਂ ਉੱਚ ਕਾਵਿ ਉਡਾਰੀਆਂ, ਦਿਮਾਗੀ ਕਲਪਨਾ, ਸ਼ਬਦਾਂ ਦੀ ਬੰਦਸ਼ ਅਤੇ ਵਿਆਖਿਆ-ਵਿਸਥਾਰ ਨੂੰ ਸ਼ਾਇਦ ਹੀ ਹੋਰ ਕੋਈ ਪੁੱਜ ਸਕਦਾ ਹੋਵੇ। ਉਨ੍ਹਾਂ ਨੇ ਜਿੱਥੇ ਗੁਰੂ ਸਾਹਿਬ ਦੇ ਕੱਤਕ ਸੁਦੀ ਪੰਜਵੀਂ ਸੰਮਤ ੧੭੬੫ ਨੂੰ ਸਣ ਦੇਹ ਆਪਣੇ ਸਮੇਤ ਘੋੜੇ ਪਰ ਸਵਾਰ ਬੈਕੁੰਠ ਨੂੰ ਸਿਧਾਰ ਜਾਣ ਦਾ ਜ਼ਿਕਰ ਕੀਤਾ ਹੈ ਉਥੇ ਇਹ ਵੀ ਦਰਜ ਹੈ ਚਿਤਾ ਪਰ ਜਦ ਵੱਡੀ ਪ੍ਰਚੰਡ ਅਗਨੀ ਦੀਆਂ ਲਾਟਾਂ ਉਨ੍ਹਾਂ ਦੇ ਸਰੀਰ ਨੂੰ ਨਾ ਪਰਸ ਸਕੀਆਂ ਤਾਂ ਉਨ੍ਹਾਂ ਨੇ ਸਮਾਧੀ ਲਾ ਲਈ ਅਤੇ ਜੋਗ-ਅਗਨੀ ਪੈਦਾ ਕਰ ਕੇ 'ਚਢਿ ਅਕਾਸ਼ ਕੇ ਪੰਥ ਪਧਾਰੈ' ਅਕਾਸ਼ ਗੂੰਜ ਉਠਿਆ, ਬੜਾ ਭਾਰਾ ਪ੍ਰਕਾਸ਼ ਹੋ ਗਿਆ ਅਤੇ ਸਵਰਗ ਲੋਕ ਦੇ ਅਨਤ ਦੇਵਤਿਆਂ ਬ੍ਰਹਮਾ, ਇੰਦਰ, ਸ਼ਿਵ ਆਦਿ ਦੀ ਭੀੜ ਉਨ੍ਹਾਂ ਨੂੰ 'ਜੀ ਆਇਆਂ ਨੂੰ' ਕਹਿਣ ਲਈ ਆ ਪੁੱਜੀ, ਆਦਿ ਆਦਿ।

ਭਾਈ ਸੰਤੋਖ ਸਿੰਘ ਜੀ ਤੋਂ ਬਾਅਦ ਪੰਜਾਬੀ ਦੇ ਉੱਘੇ ਵੱਡੇ ਕਵੀ ਗਿਆਨੀ ਗਿਆਨ ਸਿੰਘ ਜੀ ਹੋਏ ਹਨ। ਉਨ੍ਹਾਂ ਨੂੰ ਆਪਣੀ ਕਵਿਤਾ ਅਤੇ ਬੋਲੀ ਪਰ ਖ਼ਾਸ ਮਾਣ ਸੀ ਅਤੇ ਇਤਿਹਾਸਕਾਰ ਭੰਗੂ ਰਤਨ ਸਿੰਘ ਸ਼ਹੀਦ ਦੇ


www.AKJ.Org

'ਪ੍ਰਾਚੀਨ ਪੰਥ ਪ੍ਰਕਾਸ਼' ਦੀ ਕਵਿਤਾ ਨੂੰ ਢਿੱਲੀ ਅਤੇ ਬੋਲੀ ਨੂੰ ਗਵਾਰੀ ਜੱਟਾਂ ਦੀ ਹੀ ਦੱਸਦੇ ਹੋਏ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ :-

ਰੀਤੀ ਕਵਿਤਾ ਕੀ ਹੈ ਜੋਈ ॥ ਪਿਖੀ ਸੁਣੀ ਨਹਿ ਥੀ ਤਿਨ ਕੋਈ ॥
ਅਰ ਪੁਨ ਤਾਰੀਖਨ ਕੀ ਰੀਤੀ ॥ ਨਾਹਿ ਪਢੀ ਤਿਹ ਸ੍ਵਣ ॥
ਯਾ ਤੇ ਲਿਖੀ ਇਬਾਰਤ ਐਸੇ ॥ ਬਾਨੀ ਬਕਤ ਜਾਟ ਜਨ ਜੈਸੇ ॥

ਇਸ ਲਈ ਗਿਆਨੀ ਗਿਆਨ ਸਿੰਘ ਜੀ ਨੇ ਜਿੱਥੇ ਆਪਣੀ ਬੋਲੀ ਦੇ ਜੌਹਰ ਵਿਖਾਏ ਹਨ, ਉਥੇ 'ਪੰਥ ਪ੍ਰਕਾਸ਼' ਵਿਚ 'ਗੁਰਬਿਲਾਸ' ਅਤੇ 'ਸੂਰਜ ਪ੍ਰਕਾਸ਼' ਦੀ ਨਕਲ ਕਰਦੇ ਹੋਏ, ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਕਾਇਦਾ ਗੁਰਿਆਈ ਦੇ ਦੇਣ ਪਿਛੋਂ ਦੇਹਾਂਤ ਹੋਣ ਤੋਂ ਮਾਤ-ਪ੍ਰਲੋਕ ਨੂੰ ਸਿਧਾਰਨ ਪਰ ਸਵਰਗ ਲੋਕ ਦੇ ਦੇਵਤਿਆਂ ਵਲੋਂ ਵਧ ਚੜ੍ਹ ਕੇ ਬੜੀ ਧੂਮ-ਧਾਮ ਨਾਲ ਹੋਈ ਅਗਵਾਨੀ (Reception) ਦਾ ਬੜਾ ਖੋਲ੍ਹ ਕੇ ਜ਼ਿਕਰ ਕੀਤਾ ਹੈ ਅਤੇ ਕਹਿੰਦੇ ਹਨ ਕਿ ਪਹਿਲੇ ਗੁਰੂ ਨਾਨਕ ਆਦਿ ਨੌਂ ਹੀ ਗੁਰੂ ਅਤੇ ਹੋਰ ਸਿੱਖ ਭਗਤ ਉਥੇ ਮੌਜੂਦ ਸਨ, ਗੁਰੂ ਜੀ ਨੂੰ ਬੰਦਨਾ ਕਰ ਕੇ ਆਪਸ ਵਿਚ ਮਿਲੇ। ਪਰ ਗਿਆਨੀ ਜੀ ਇਸ ਸਭ ਕੁਝ ਨੂੰ ਇਤਿਹਾਸ ਨਹੀਂ ਮੰਨਦੇ, ਇਕ ਨਾਟਕ ਦੱਸਦੇ ਹਨ ਅਤੇ ਕਹਿੰਦੇ ਹਨ ਕਿ ਇਸ ਤੋਂ ਬਾਅਦ ਉਹ ਚਿਤਾ ਦੀ ਕਨਾਤ ਦੇ ਅੰਦਰ ਜਾ ਕੇ ਜੋਗ-ਅਗਨ ਦੁਆਰਾ ਅਲੋਪ ਹੋ ਗਏ। ਇਸ ਤੋਂ ਬਾਅਦ ਪੰਜਾਬ ਤੋਂ ਆਏ ਸਾਧੂ ਨੂੰ ਦਰਸ਼ਨ ਦੇਣ ਦਾ ਜ਼ਿਕਰ ਨਕਲ ਕੀਤਾ ਹੈ, ਪਰ ਜਨਵਾਰੇ ਦੇ ਬਾਲਾ ਰਾਇ ਅਤੇ ਰੁਸਤਮ ਰਾਏ ਲੁਟੇਰਿਆਂ ਨੂੰ ਸਤਾਰੇ ਦੇ ਕਿਲ੍ਹੇ ਦੀ ਕੈਦ ਵਿਚੋਂ ਘੋੜੇ ਦੀਆਂ ਰਕਾਬਾਂ ਫੜਾ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਲੈ ਉਡਣ ਦੀ ਕਥਾ ਨੂੰ ਪ੍ਰਵਾਨ ਨਹੀਂ ਕੀਤਾ ਅਤੇ ਛੱਡ ਦਿਤਾ ਹੈ।

'ਪੰਥ-ਪ੍ਰਕਾਸ਼' ਦੀ ਛੇਵੀਂ ਐਡੀਸ਼ਨ ਵਿਚ ਵੀ ਦੇਵਤਿਆਂ ਅਤੇ ਪਹਿਲੇ ਗੁਰੂ ਸਾਹਿਬਾਂ ਨਾਲ ਮਿਲਾਪ ਅਤੇ ਸਾਧੂਆਂ ਨੂੰ ਦਰਸ਼ਨ ਦੇਣ ਦਾ ਜ਼ਿਕਰ ਕੀਤਾ ਹੈ, ਪਰ ਜਨਵਾਰੀਏ ਬਾਲਾ ਰਾਇ ਆਦਿ ਦਾ ਕੋਈ ਜ਼ਿਕਰ ਨਹੀਂ। ਪਰ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦਾ ਜ਼ਿਕਰ ਹਰ ਐਡੀਸ਼ਨ ਵਿਚ ਕੀਤਾ ਹੈ। ਗਿਆਨੀ ਗਿਆਨ ਸਿੰਘ ਜੀ ਦੇ ਸਮਕਾਲੀ, ਬਾਬਾ ਸੁਮੇਰ ਸਿੰਘ ਜੀ ਨੇ ਸੰਨ ੧੯੭੩ ਵਿਚ ਆਪਣਾ 'ਗੁਰਬਿਲਾਸ ਪਾਤਸ਼ਾਹੀ ੧੦' ਰਚਿਆ ਅਤੇ ਸੰਨ ੧੯੮੨ ਤਕ ਸੋਧ ਸੰਪੂਰਨ ਕਰ ਕੇ ਛਪਵਾਇਆ। ਅਯੁਧਿਆ ਨਿਵਾਸੀ ਬਾਬੂ ਜਗਨਨਾਥ ਦਾਸ ਰਤਨਾਕਰ ਅਨੁਸਾਰ ਬਾਬਾ ਸੁਮੇਰ ਸਿੰਘ ਜੀ ਬ੍ਰਿਜ-ਭਾਸ਼ਾ ਦੇ ਸਰਵੋਤਮ ਕਵੀਆਂ ਵਿਚੋਂ ਸਨ ਅਤੇ ਆਪਣੀਆਂ ਕਾਵਿ-ਉਡਾਰੀਆਂ ਲਈ ਪ੍ਰਸਿਧ ਸਨ। ਆਪ ਨੇ ਜਿੱਥੇ ਪਿੱਛਲੇ ਕਵੀ ਭਾਈ ਸੁਖਾ ਸਿੰਘ ਦੀਆਂ ਕਲਪਤ ਨਾਟਕੀ ਕਹਾਣੀਆਂ ਨੂੰ ਚਮਕਾਇਆ ਹੈ ਉਥੇ ਉਨ੍ਹਾਂ ਵਿਚ ਆਪਣੀ ਵਲੋਂ ਕੁਝ ਵਾਧੇ ਵੀ ਕਰ ਦਿਤੇ ਹਨ। ਭਾਈ ਸੁਖਾ ਸਿੰਘ ਨੇ ਤਾਂ ਗੁਰੂ ਸਾਹਿਬ ਨੂੰ ਦੇਹਾਤ ਤੋਂ ਬਾਅਦ ਨਾਂਦੇੜ ਤੋਂ ਦੱਖਣ ਨੂੰ ਸਤਾਰੇ ਦੇ ਕਿਲ੍ਹੇ ਤੋਂ ਅੱਧੀ ਰਾਤ ਦੇ ਹਨੇਰੇ ਵਿਚ ਘੋੜੇ ਪਰ ਸਵਾਰ ਹੋ ਬਾਲਾ ਰਾਇ ਰੁਸਤਮ ਸਮੇਤ ਪੰਛੀਆਂ ਦੀ ਤਰ੍ਹਾਂ ਵਿੰਧਿਆਚਲ ਪਰਬਤ ਤਕ ਹੀ ਉਡਾਇਆ ਸੀ, ਪਰ ਬਾਬਾ ਸੁਮੇਰ ਸਿੰਘ ਜੀ ਨੇ ਗੁਰੂ ਸਾਹਿਬ ਨੂੰ ਪੰਜਾਬ ਤੋਂ ਦੂਰ ਉੱਤਰ-ਲਹਿੰਦੇ ਵਲ ਨੂੰ ਪਿਸ਼ਾਵਰ ਦੇ ਇਲਾਕੇ ਵਿਚ ਨਗਰ ਬਰਾਟ ਅਤੇ ਕਾਬੁਲ ਤੋਂ ਅੱਠ ਕੋਹ ਤਕ ਪਹੁੰਚਾ ਦਿਤਾ ਹੈ। ਇਹ ਇਕ ਨਵੀਂ ਕਾਵਿ-ਕਲਪਨਾ ਹੈ, ਜੋ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਣ ਤੋਂ ਪਿੱਛੋਂ ਪੌਣੇ ਦੋ ਸੌ ਸਾਲ ਬਾਅਦ ਦੀ ਹੈ। ਇਸ ਦਾ ਜ਼ਿਕਰ ਕਿਸੇ ਵੀ ਹੋਰ ਲਿਖਾਰੀ ਨੇ ਕਿਧਰੇ ਨਹੀਂ ਕੀਤਾ ਹੋਇਆ ਅਤੇ ਇਸ ਦਾ ਮੂਲ ਸਰੋਤ ਇਕ ਕਾਵਿ-ਉਡਾਰੀ ਅਤੇ ਨਾਟਕੀ ਕਥਾ ਕਲਪਨਾ ਤਕ ਹੀ ਹੈ। ਇੱਥੇ ਇਹ ਦੱਸ ਦੇਣਾ ਵੀ ਜ਼ਰੂਰੀ ਹੈ ਕਿ ਬਾਬਾ ਸੁਮੇਰ ਸਿੰਘ ਜੀ ਨੇ ਗੁਰੂ ਸਾਹਿਬ ਦੇ ਦੇਹਾਂਤ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਨੂੰ ਪੂਰਨ ਦਸਤੂਰ ਅਨੁਸਾਰ ਗੁਰਿਆਈ ਦੇ ਦੇਣ ਤੋਂ ਬਾਅਦ ਚਿਤਾ ਪਰ ਜਾਣ ਅਤੇ ਪ੍ਰਲੋਕ ਸਿਧਾਰ ਜਾਣ ਦਾ ਸਪੱਸ਼ਟ ਜ਼ਿਕਰ ਕੀਤਾ ਹੈ।

ਗੁਰੂ ਸਾਹਿਬ ਦੀ ਚਿਤਾ ਵਿਚੋਂ ਕੋਈ ਅਸਥੀਆਂ ਆਦਿ ਨਾ ਮਿਲਣ ਦੀ ਗੱਲ ਕੋਈ ਅਚੰਭੇ ਵਾਲੀ ਨਹੀਂ ਹੈ। ਇਹ ਅੱਜ ਕੱਲ੍ਹ ਵੀ ਕਈ ਵਾਰ ਦੇਖਿਆ ਗਿਆ ਹੈ ਕਿ ਸਾਰੀਆਂ ਅਸਥੀਆਂ ਬਿਲਕੁਲ ਹੀ ਭਸਮ ਹੋ ਜਾਂਦੀਆਂ


www.AKJ.Org

ਹਨ ਤੇ ਮੁਸ਼ਕਲ ਨਾਲ ਕੋਈ ਦੰਦ ਜਾਂ ਦਾੜ੍ਹ ਹੀ ਲੱਭਦਾ ਹੈ। ਇਹ ਉਸ ਹਾਲਤ ਵਿਚ ਵੀ ਹੁੰਦਾ ਹੈ ਜਦ ਕਿ ਸਰੀਰ ਦੇ ਦਾਹ ਲਈ ਅੱਠ-ਦਸ ਮਣ ਲਕੜੀਆਂ ਪਾਈਆਂ ਜਾਂਦੀਆਂ ਹਨ। ਪਰ ਗੁਰੂ ਸਾਹਿਬ ਦੇ ਸਸਕਾਰ ਲਈ ਤਾਂ ਸੌ ਮਣ ਚੰਦਨ ਦੀ ਲਕੜੀ ਪਾਈ ਗਈ ਦਾ ਜ਼ਿਕਰ ਹੈ। ਉਥੇ ਸਰੀਰ ਦੀ ਕਿਸੇ ਅਸਥੀ ਦੇ ਬਚ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਹਾਂ, ਉਨ੍ਹਾਂ ਦੀ ਇਕ ਕਰਦ (ਕ੍ਰਿਪਾਨ) ਜ਼ਰੂਰ ਮਿਲ ਗਈ ਸੀ ਜੋ ਕਿ ਲੋਹੇ ਦੀ ਹੋਣ ਕਰਕੇ ਭਸਮ ਨਹੀਂ ਹੋਈ ਹੋਣੀ। ਇਸ ਦੇ ਮਿਲਣ ਦਾ ਜ਼ਿਕਰ ਬਾਬਾ ਸੁਮੇਰ ਸਿੰਘ ਜੀ ਨੇ ਵੀ ਪੰਨਾ ੭੧੦ ਪਰ ਅੰਕ ੯ ਵਿਚ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਪੁਰਾਣੀ ਚਲੀ ਆ ਰਹੀ ਰੀਤੀ ਅਨੁਸਾਰ ਆਪਣੇ ਅੰਤਮ ਸਮੇਂ ਕਿਸੇ ਵੀ ਸਿੱਖ ਨੂੰ ਗੁਰਿਆਈ ਨਹੀਂ ਦਿਤੀ। ਸਭ ਇਤਿਹਾਸਕਾਰ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਤਮ ਦਿਨਾਂ ਦੇ ਵਾਕਿਆਤ ਦਾ ਜ਼ਰਾ ਵੀ ਵਿਸਥਾਰ ਨਾਲ ਵਰਨਣ ਕੀਤਾ ਹੈ, ਸਭ ਨੇ ਇਹੀ ਕਿਹਾ ਹੈ ਕਿ ਗੁਰੂ ਸਾਹਿਬ ਨਾਂਦੇੜ ਵਿਚ ਜੋਤੀ ਜੋਤਿ ਸਮਾ ਗਏ ਸਨ ਅਤੇ ਉਨ੍ਹਾਂ ਨੇ ਕਿਸੇ ਮਨੁੱਖ ਨੂੰ ਗੁਰਿਆਈ ਨਹੀਂ ਸੀ ਦਿਤੀ ਅਤੇ ਉਨ੍ਹਾਂ ਤੋਂ ਬਾਅਦ ਕੋਈ ਮਨੁੱਖ ਵੀ ਗੁਰੂ (ਖ਼ਲੀਫ਼ਾ) ਨਹੀਂ ਹੋਇਆ ਅਤੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਕੇਵਲ ਦਸ ਹੀ ਮਨੁੱਖੀ ਸਰੀਰ-ਧਾਰੀ ਗੁਰੂ ਸਨ, ਹੋਰ ਕੋਈ ਨਹੀਂ। ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਕਿਸੇ ਗੁਰੂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਨੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੇ ਹੀ ਗੁਰੂ ਥਾਪੇ ਜਾਣ ਦਾ ਜ਼ਿਕਰ ਕੀਤਾ ਹੈ।

ਦੇਹਧਾਰੀ ਗੁਰੂ ਦੇ ਮੰਨਣ ਵਾਲੀ ਸੰਪ੍ਰਦਾਇ ਦੇ ਕੁਝ ਲਿਖਾਰੀਆਂ ਦਾ ਇਹ ਕਹਿਣਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦੀ ਗੱਲ ਅੰਗਰੇਜ਼ਾਂ ਦੇ ਕਹਿਣ ਅਨੁਸਾਰ ਸਿੰਘ ਸਭਾ ਦੇ ਆਗੂਆਂ ਨੇ ਚਲਾਈ ਸੀ, ਇਤਿਹਾਸ ਵਿਰੁਧ ਕਲਪਨਾ ਹੈ। ਸਿੰਘ ਸਭਾ ਲਹਿਰ ਸੰਨ ੧੮੭੨ ਵਿਚ ਆਰੰਭ ਹੋਈ ਸੀ, ਪਰ ਗੁਰੂ ਗਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰਿਆਈ ਦਿਤੇ ਜਾਣ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਲਿਖਾਰੀਆਂ ਦੇ ਸਮੇਂ ਤੋਂ ਹੀ ਮਿਲਦਾ ਹੈ।

ਭਾਈ ਨੰਦ ਲਾਲ ਜੀ ਗੁਰੂ ਸਾਹਿਬ ਦੇ ਨਿਕਟਵਰਤੀ ਸਮਕਾਲੀ ਸਨ। ਉਨ੍ਹਾਂ ਨੇ ਆਪਣਾ ਰਹਿਤਨਾਮਾ ਪਹਿਲਾਂ ਸੰਮਤ ੧੭੫੨ (ਸੰਨ ੧੬੯੫) ਵਿਚ ਲਿਖਿਆ ਸੀ, ਪਰ ਗੁਰੂ ਸਾਹਿਬ ਦੇ ਨਾਂਦੇੜ ਹੋਣ ਸਮੇਂ ਬਾਦਸ਼ਾਹ ਬਹਾਦਰ ਸ਼ਾਹ ਦੇ ਨਾਲ ਇਕ ਸ਼ਾਹੀ ਕਰਮਚਾਰੀ ਦੇ ਤੌਰ ਤੇ ਉਥੇ ਮੌਜੂਦ ਸਨ। ਜਿਸ ਦਾ ਜ਼ਿਕਰ ਢਾਡੀ ਨਾਥਮਲ ਨੇ ਵੀ 'ਅਮਰਨਾਮੇ' ਵਿਚ ਕੀਤਾ ਹੋਇਆ ਹੈ। ਭਾਈ ਨੰਦ ਲਾਲ ਜੀ ਨੂੰ ਗੁਰੂ ਸਾਹਿਬ ਜੀ ਦੇ ਨਾਂਦੇੜ ਵਿਚ ਜ਼ਖਮੀ ਹੋਣ, ਅੰਤ ਸਮੇਂ ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਗੁਰੂ ਗਰੰਥ ਸਾਹਿਬ ਨੂੰ ਗੁਰਿਆਈ ਦੇਣ ਅਤੇ ਦੇਹਾਂਤ ਦਾ ਸਭ ਪਤਾ ਸੀ, ਇਸੇ ਕਰਕੇ ਉਨ੍ਹਾਂ ਨੇ ਆਪਣੇ ਰਹਿਤਨਾਮੇ ਵਿਚ ਸਪੱਸ਼ਟ 'ਗੁਰੂਓਵਾਚ' ਦੇ ਸਿਰਲੇਖ ਹੇਠ ਲਿਖਿਆ ਹੈ:–

ਮੇਰਾ ਦੂਸਰਾ ਰੂਪ ਗਰੰਥ ਜੀ ਜਾਣ, ਉਨ ਕੋ ਅੰਗ ਮੇਰੇ ਕਰ ਮਾਨ ॥<br>
ਮੇਰਾ ਰੂਪ ਗਰੰਥ ਜੀ ਜਾਣ, ਇਸ ਮੇ ਭੇਦ ਨਹੀਂ ਕਛੁ ਮਾਨ ॥

ਇਨ੍ਹਾਂ ਸ਼ਬਦਾਂ ਦੀ ਪੁਸ਼ਟੀ ਗੁਰੂ ਸਾਹਿਬ ਦੇ ਹਜ਼ੂਰੀ ਸਿੰਘ ਭਾਈ ਪ੍ਰਹਿਲਾਦ ਸਿੰਘ ਜੀ ਦੇ ਰਹਿਤਨਾਮੇ ਤੋਂ ਵੀ ਹੁੰਦੀ ਹੈ, ਜਿੱਥੇ ਆਪ ਲਿਖਦੇ ਹਨ :–

ਅਕਾਲਪੁਰਖ ਕੇ ਬਚਨ ਸਿਓਂ ਪ੍ਰਗਟ ਚਲਾਇਓ ਪੰਥ ॥<br>
ਸਬ ਸਿਖਨ ਕੋ ਬਚਨ ਏਹ, ਗੁਰੂ ਮਾਨੀਓ ਗਰੰਥ ॥

ਭਾਈ ਚੌਪਾ ਸਿੰਘ ਜੀ, ਜੋ ਗੁਰੂ ਸਾਹਿਬ ਦੇ ਬਚਪਨ ਵਿਚ ਖਿਡਾਵੇ ਸਨ, ਉਨ੍ਹਾਂ ਦੇ ਲਿਖੇ ਰਹਿਤਨਾਮੇ ਵਿਚ ਵੀ ਲਿਖਿਆ ਹੋਇਆ ਹੈ ਕਿ :–

ਆਗਿਆ ਗੁਰੂ ਗਰੰਥ ਸਾਹਿਬ ਦੀ ਮੰਨਣੀ।

ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੇ ਅੱਠ ਸਾਲ ਸੱਤ ਮਹੀਨੇ ਅੰਦਰ ਮਈ ੧੭੧੭ ਨੂੰ ਕਵੀ ਸੋਹਨ ਸਿੰਘ ਨੇ 'ਗੁਰ-ਬਿਲਾਸ ਪਾਤਸ਼ਾਹੀ ਛੇਵੀਂ' ਸ਼ੁਰੂ ਕੀਤਾ ਸੀ ਅਤੇ ਅਗਲੇ ਸਾਲ ਜੁਲਾਈ ੧੭੧੮ ਨੂੰ ਸਮਾਪਤ


www.AKJ.Org

ਕੀਤਾ। ਇਸ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਰਚਨਾ, ਆਪਣੇ ਵੇਲੇ ਮਾਨਤਾ ਅਤੇ ਗੁਰਿਆਈ ਮੰਨੀ ਜਾਂਦੀ ਹੋਣ ਸੰਬੰਧੀ ਚੌਥੇ ਅਧਿਆਇ ਵਿਚ ਕਵੀ ਸੋਹਨ ਸਿੰਘ ਲਿਖਦਾ ਹੈ :–

ਮਮ ਆਗਿਆ ਸਬ ਹੀ ਸੁਨੋ ਸਤਿ ਬਾਤ ਨਿਰਧਾਰਾ ॥
ਗਰੰਥ ਗੁਰੂ ਸਮ ਮਾਨੀਓ ਭੇਦ ਨਾ ਕੋਊ ਬਿਚਾਰਾ ॥੪੦੯॥
ਗੁਰੂ ਗਰੰਥ ਕਲਜੁਗ ਭਯੋ ਸ੍ਰੀ ਗੁਰੂ ਰੂਪ ਸਮਾਨ ॥
ਦਸ ਪਾਤਸ਼ਾਹੀਆਂ ਰੂਪ ਇਹ ਗੁਰੂ ਗਰੰਥ ਜੀ ਜਾਨ ॥੪੧੨॥
ਗੁਰੂ ਦਰਸ ਜਿਹ ਦੇਖਣਾ ਸ੍ਰੀ ਗਰੰਥ ਦਰਸਾਇ ॥
ਬਾਤ ਕਰਨਿ ਗੁਰੂ ਸੋਂ ਚਹੇ ਪੜ੍ਹੇ ਗਰੰਥ ਮਨ ਲਾਇ ॥੪੧੩॥

ਇਸ ਤੋਂ ਬਾਅਦ ਸੰਨ ੧੭੫੧ (ਸੰਮਤ ੧੮੦੮ ਬਿ:) ਵਿਚ ਕਵੀ ਕੋਇਰ ਸਿੰਘ ਨੇ 'ਗੁਰ ਬਿਲਾਸ ਪਾਤਸ਼ਾਹੀ ਦਸ' ਲਿਖਿਆ, ਜਿਸ ਦੇ ੨੧ਵੇਂ ਅਧਿਆਇ (ਅੰਤਮ ਸਮਾਗਮ) ਵਿਚ ਦਸਮ ਪਾਤਸ਼ਾਹ ਦਾ ਹੁਕਮ ਇਸ ਤਰ੍ਹਾਂ ਦਿਤਾ ਹੈ :–

ਤਾਂ ਤੇ ਜੋ ਮੁਹ ਸਿਖ ਸੁਜਾਨਾ ॥ ਮਾਨੇ ਗੁਰੂ ਗ੍ਰੰਥ ਭਗਵਾਨਾ ॥੯੩॥
ਦਰਸਨ ਗੁਰ ਕਾ ਹੈ ਸਵਧਾਨ ॥ ਸ੍ਰੀ ਗ੍ਰੰਥ ਸਾਹਿਬ ਜੀ ਮਾਨ ॥੯੮॥...
ਯਾ ਬਿਧਿ ਔਰ ਗੁਰੂ ਨਹਿ ਕਹਿਹੀ ॥ ਤਾ ਤੇ ਸਾਚੋ ਗੁਰ ਯਹਿ ਚਹਿਹੀ ॥੧੦੨॥
ਗ੍ਰੰਥ ਗੁਰੂ ਮੈ ਨਿਹਚਾ ਧਾਰੈ ॥ ਤਾ ਬਿਨ ਚਾਹ ਨ ਧਰੋ ਪਿਆਰੇ ॥
ਤਾਕੀ ਵਾਂਛਾ ਸਭ ਗੁਰ ਪੂਰੈ ॥ ਯਾ ਪਰ ਨਿਸਚਾ ਭ੍ਰਮ ਸਭ ਦੂਰੈ ॥੧੩੬॥
ਯਾ ਬਿਧਿ ਸ੍ਰੀ ਗਿਰੰਥ ਸਿਰ ਨਯਾਈ ॥ ਕਰ ਅਰਦਾਸ ਪ੍ਰੇਮ ਜੁਤ ਭਾਈ ॥
ਦਾਮ ਅਨਤ ਦਏ ਜੋ ਰਬਾਬੀ ॥ ਮਾਨੋ ਚੜੀ ਗ੍ਰੰਥ ਬਚ ਆਬੀ ॥੧੭੭॥

ਇੱਥੇ ਇਹ ਦੱਸ ਦੇਣਾ ਜ਼ਰੂਰੀ ਜਾਪਦਾ ਹੈ ਕਿ ਕੋਇਰ ਸਿੰਘ ਜੀ ਨੇ ਇਹ ਗੁਰ-ਬਿਲਾਸ ਭਾਈ ਮਨੀ ਸਿੰਘ ਜੀ ਸ਼ਹੀਦ ਪਾਸੋਂ ਸੁਣ-ਸੁਣ ਕੇ ਲਿਖਿਆ ਹੈ, ਜੋ ਇਸ ਹੁਕਮ ਦੀ ਪ੍ਰਮਾਣਿਕਤਾ ਦਾ ਅਕੱਟ ਸਬੂਤ ਹੈ।

'ਬੰਸਾਵਲੀਨਾਮਾ ਦਸ ਪਾਤਸ਼ਾਹੀਆਂ ਕਾ' ਭਾਈ ਕੇਸਰ ਸਿੰਘ ਛਿਬਰ ਨੇ ਸੰਮਤ ੧੮੨੬ (ਸੰਨ ੧੭੬੯-੭੦ ਈ:) ਵਿਚ ਲਿਖਿਆ ਹੈ। ਗੁਰੂ ਸਾਹਿਬ ਦੇ ਅੰਤਮ ਸਮੇਂ ਦਾ ਜ਼ਿਕਰ ਕਰਦੇ ਹੋਏ ਕੇਸਰ ਸਿੰਘ ਜੀ ਲਿਖਦੇ ਹਨ :–

(ਜਦੋਂ ਕਲਗੀਧਰ ਜੀ) ਤਿਆਰੀ ਬਜਾਈ। ਸਿੱਖਾਂ ਹਥ ਜੋੜਿ ਕਰਿ ਬੇਨਤੀ ਪਛਾਈ।
ਗਰੀਬ ਨਿਵਾਜ਼, ਸਿੱਖ ਸੰਗਤਿ ਤੇਰੀ, ਇਸਦਾ ਕੀ ਹਵਾਲ।
ਬਚਨ ਕੀਤਾ, ਗਰੰਥ ਹੈ ਗੁਰੂ ਲੜ ਪਕੜੋ ਅਕਾਲ। (ਚਰਨ ੧੦)
ਸੁਣੋ ਵੋ ਭਾਸੀ ਸਿੱਖੋ ਐਸਾ ਸੰਤ, ਬਾਬਾ ਨਾਨਕ ਪਛਾਨੋ।
ਦਸੋਂ ਮਹਲ ਬਾਬਾ ਨਾਨਕ ਜੀ ਜਾਨੋ। (ਚਰਨ ੧੪)

ਅੱਗੇ ਚਲ ਕੇ ਲਿਖਦੇ ਹਨ :–

ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ ਗਰੰਥ ਸਾਹਿਬ ਨੂੰ ਦੇ ਗਿਆ।
ਅਜ ਪ੍ਰਤੱਖ ਗੁਰੂ ਅਸਾਡਾ ਗਰੰਥ ਸਾਹਿਬ ਹੈ, ਸੋਈ ਗਿਆ ਜੋ ਗਰੰਥੋਂ ਗਿਆ॥ (੨੨੦)
ਜਿਤਨਾ ਹੋਇ ਆਵੇ ਤਿਤਨਾ ਗਰੰਥ ਸਾਹਿਬ ਦੇ ਬਚਨ ਕਮਾਣੇ।
ਬਿਨਾ ਗਰੰਥ ਕੋਈ ਹੋਰੁ ਨ ਜਾਣੇ॥ (੨੨੧)
ਇਹ ਵਾਕ ਹਨ ਸ੍ਰੀ ਗਰੰਥ ਜੀ ਸੰਦੇ॥ ਭਗਤਿ ਮੁਖ ਤੇ ਬੋਲਦੇ ਸੇ ਬਚਨ ਹੋਵੰਦੇ॥
ਜੋ ਗਰੰਥ ਸਾਹਿਬ ਜੀ ਤੇ ਮੁੜੇ॥ ਨਿਸਚੇ ਸੋਈ ਜਾਨੋ ਰੁੜੇ॥ (੨੯੨)


www.AKJ.Org

ਆਜ ਕੇ ਸਮੇਂ ਗਰੰਥ ਸਾਹਿਬ ਹੈ ਗੁਰੂ ਹਮਾਰਾ ॥
ਆਗੇ ਸਾਹਿਬ ਦਸਵਾਂ ਪਾਤਸਾਹੁ ਲਾਇ ਬੈਠਾ ਦਰਬਾਰਾ ॥
ਜੋ ਸ਼ੰਕਾ ਰੱਤੀ ਸਭ ਪੁਛ ਲੇਤੇ ॥ ਅਬ ਤਿਨਕੇ ਆਸਨ ਗੁਰੂ ਗਰੰਥ ਜੀ ਉਤਰ ਹੈਂ ਦੇਤੇ ॥ (੩੦੦)
ਗਰੰਥ ਬਚਨ ਏਹੁ ਸਚੁ ਕਰਿ ਜਾਨੋ ॥ ਬਿਨਾ ਗਰੰਥ ਗੁਰੂ ਹੋਰ ਨਾ ਮਾਨੋ ॥
ਅਤੇ ਜੋ ਗਰੰਥ ਗੁਰੂ ਤੇ ਮੂਹੁ ਫੇਰੇਗ ॥ ਤਾਂ ਏਹ ਜੂਨਾਂ ਸਭੇ ਜਨਮੁ ਪਾਇ ਪਾਇ ਕੇ ਹੇਰੇਗੇ ॥ (੩੦੭)

ਭਾਈ ਕੇਸਰ ਸਿੰਘ ਜੀ ਇਹ ਵੀ ਦਸਦੇ ਹਨ ਕਿ ਉਨ੍ਹਾਂ ਨੇ ਆਪਣੇ ਬੰਸਾਵਲੀਨਾਮੇ ਦੀ ਰਚਨਾ ਲਈ ਗੁਰੂ ਘਰ ਦੀਆਂ ਵਹੀਆਂ ਤੋਂ ਵੀ ਮਸਾਲਾ ਲਿਆ ਹੈ।

ਬਾਵਾ ਸਰੂਪ ਦਾਸ ਜੀ ਗੁਰੂ ਅਮਰਦਾਸ ਜੀ ਦੇ ਬੰਸਜ ਸਨ। ਉਨ੍ਹਾਂ ਨੇ ਬਾਬਾ ਸੁਮੇਰ ਸਿੰਘ ਜੀ ਦੇ ਕਥਨਾਨੁਸਾਰ, ਆਪਣੀ ਪੁਸਤਕ 'ਮਹਿਮਾ ਪ੍ਰਕਾਸ਼' ਸੰਨ ੧੭੭੪ ਵਿਚ ਰਚੀ ਸੀ। ਉਸ ਵਿਚ ਗੁਰੂ ਗਰੰਥ ਸਾਹਿਬ ਦੀ ਗੁਰਿਆਈ ਸੰਬੰਧੀ ਇਸ ਤਰ੍ਹਾਂ ਆਇਆ ਹੈ :–

ਤਬ ਸਿੱਖਾਂ ਨੇ ਪੂਛਾ ਜੋ ਅਬ ਦਰਸ਼ਨ ਕਹਾਂ ਕਰਹਿ। ਸਤਿਗੁਰ ਦੀਨ ਦਿਆਲ ਬਚਨ ਕੀਤਾ–ਜੋ ਦਸ ਸਰੂਪ ਹਮਾਰੇ ਪੂਰਨ ਭਏ। ਅਬ ਮੇਰੀ ਜਾਹਗਾ ਗੁਰੂ ਗਰੰਥ ਸਾਹਿਬ ਕੋ ਜਾਨਨਾ। ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ ਤੇ ਆਦਿ ਗਰੰਥ ਸਾਹਿਬ ਕਾ ਪਾਠ ਕਰਨਾ। ਮੇਰੇ ਸੇ ਬਾਤਾਂ ਹੋਵੇਗੀ। (ਪੰਨਾ ੮੯੨-੯੩)

੧੮ਵੀਂ ਸਦੀ ਦੇ ਅੱਧ ਵਿਚ 'ਉਮਦਾਤੁ-ਤਵਾਰੀਖ਼' ਦੇ ਲੇਖਕ ਮੁਨਸ਼ੀ ਸੋਹਨ ਲਾਲ ਸੂਰੀ ਦੇ ਬਜ਼ੁਰਗਾਂ ਮੁਨਸ਼ੀ ਗਣਪਤ ਰਾਇ ਨੇ ਇਹ ਪੁਸਤਕ ਸਰਦਾਰ ਚੜ੍ਹਤ ਸਿੰਘ ਦੇ ਵੇਲੇ ਲਿਖਣੀ ਆਰੰਭ ਕੀਤੀ ਸੀ। ਇਸ ਦੀ ਪਹਿਲੀ ਜਿਲਦ ਦਫ਼ਤਰ ਅੱਵਲ ਦੇ ਪੰਨਾ ੬੪-੬੫ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਸਮੇਂ ਦਾ ਜ਼ਿਕਰ ਹੈ, ਜਿਸ ਵਿਚ ਲਿਖਿਆ ਹੋਇਆ ਹੈ ਕਿ ਇਸ ਵੇਲੇ ਇਕ ਸਿੱਖ ਨੇ ਬੇਨਤੀ ਕੀਤੀ ਹੈ ਕਿ ਹਜ਼ੂਰ ਨੇ ਕਿਸ ਨੂੰ (ਕੁਦਾਮ ਕਸ ਰਾ) ਗੁਰੂ ਨੀਯਤ ਕੀਤਾ ਹੈ ਤਾਂ ਗੁਰੂ ਸਾਹਿਬ ਨੇ ਫੁਰਮਾਇਆ ਕਿ :–

ਗੁਰੂ ਗਰੰਥ ਜੀ ਅਸਤ। ਦਰਮਿਆਨਿ ਗਰੰਥ ਵਾਹਿਗੁਰੂ ਹੀਚ ਫ਼ਰਕੇ ਨੀਸਤ। ਅਜ਼ ਦੀਦਾਰਿ ਗਰੰਥ ਜੀ ਮੁਸ਼ਾਹਿਦਾਇ ਦੀਵਾਰ ਫ਼ਰਹਤ ਆਸਾਰਿ ਗੁਰੂ ਸਾਹਿਬ ਬਾਇਦ ਨਮੂਦ। ਅਰਥਾਤ :

ਗੁਰੂ ਗਰੰਥ ਜੀ ਹਨ। ਗਰੰਥ ਅਤੇ ਗੁਰੂ ਦੇ ਵਿਚਕਾਰ ਕੋਈ ਫ਼ਰਕ ਨਹੀਂ ਹੈ। ਗਰੰਥ ਜੀ ਦੇ ਦਰਸ਼ਨਾਂ ਤੋਂ ਗੁਰੂ ਸਾਹਿਬ ਦੇ ਖ਼ੁਸ਼ੀਆਂ ਭਰਪੂਰ ਦਰਸ਼ਨ ਹੋਣਗੇ।

ਇਸੇ ਤਰ੍ਹਾਂ ਅਠਾਰਵੀਂ ਸਦੀ ਵਿਚ ਆਰੰਭ ਕੀਤੀ ਅਤੇ ਸੰਨ ੧੮੧੦ ਵਿਚ ਮੁਕੰਮਲ ਕੀਤੀ 'ਤਾਰੀਖ਼ਿ-ਬਹਿਰੁਲ-ਮੱਵਾਜ' ਦੇ ਪਹਿਲੇ ਹਿੱਸੇ ਅਤੇ 'ਤਾਰੀਖ਼ਿ-ਮੁਜ਼ੱਫ਼ਰੀ' ਦੇ ਪੰਨਾ ੨੦੪ ਪਰ ਲਿਖਿਆ ਹੋਇਆ ਹੈ ਕਿ :

ਬਾਦ ਅਜ਼ ਓ ਬ-ਇਤਲਾਕਿ ਗੁਰੂ ਵਾ ਕਰਾਮਾਤਿ ਬਾਤਨੀ ਬਰਖ਼ਾਸਤ, ਵਾ ਗਰੰਥ ਮਜ਼ਕੂਰ ਬ-ਜਾਇ ਗੁਰੂ ਮੁਕੱਰਰ ਸ਼ੁਦਾ। ਅਰਥਾਤ :

ਉਨ੍ਹਾਂ (ਗੁਰੂ ਗੋਬਿੰਦ ਸਿੰਘ) ਤੋਂ ਬਾਅਦ ਇਸ (ਸਿੱਖ) ਜਮਾਤ ਦੇ ਯਕੀਨ ਅਨੁਸਾਰ ਗੁਰੂ ਨੀਅਤ ਕਰਨਾ ਅਤੇ ਮਨੁੱਖੀ ਕਰਾਮਾਤ ਸਮਾਪਤ ਹੋ ਗਈ ਹੈ ਅਤੇ ਗਰੰਥ ਜੀ ਗੁਰੂ ਦੀ ਥਾਂ ਤੇ ਨੀਯਤ ਹੋ ਗਏ ਹਨ।

ਇਸ ਤਰ੍ਹਾਂ ਹੀ ਫ਼ਾਰਸੀ, ਉਰਦੂ ਅਤੇ ਅੰਗਰੇਜ਼ੀ ਪੁਸਤਕਾਂ ਦੇ ਹੋਰ ਅਨੇਕਾਂ ਹੀ ਹਵਾਲੇ ਪੇਸ਼ ਕੀਤੇ ਜਾ ਸਕਦੇ ਹਨ। ਪਰ ਇਥੇ ਕੇਵਲ ਸਮਕਾਲੀ ਅਤੇ ਅਠਾਰਵੀਂ ਸਦੀ ਦੀਆਂ ਲਿਖਤਾਂ ਦੇ ਹਵਾਲੇ ਦੇਣੇ ਹੀ ਕਾਫ਼ੀ ਹਨ, ਜੋ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਅਤੇ ਗੁਰੂ ਗਰੰਥ ਸਾਹਿਬ ਨੂੰ ਗੁਰਿਆਈ ਦਿਤੇ ਜਾਣ ਦੀ ਹੀ ਸਾਖ਼ਾ ਹਨ। ਇਸ ੯੦-੧੦੦ ਸਾਲ ਦੇ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਨ ਸੰਬੰਧੀ ਕੋਈ ਸ਼ੱਕ ਅਤੇ ਕਿਸੇ ਮਨੁੱਖ ਦੇ ਉਨ੍ਹਾਂ ਦੀ ਥਾਂ ਗੁਰੂ ਮੁਕੱਰਰ ਕੀਤੇ ਜਾਣ ਦਾ ਕਿਧਰੇ ਕੋਈ ਜ਼ਿਕਰ ਦਰਜ ਨਹੀਂ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਨ ਅਤੇ ਉਨ੍ਹਾਂ ਵਲੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਿਆਈ ਦਿਤੇ ਜਾਣ ਦਾ ਵਾਕਿਆ ਨਿਸਚਿਤ ਅਤੇ ਅਟੱਲ ਇਤਿਹਾਸਕ ਸਚਾਈਆਂ ਹਨ।


www.AKJ.Org

# ਹੁਕਮਿ ਮੰਨਿਐ ਹੋਵੈ ਪਰਵਾਣੁ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਹੁਕਮ, ਭਾਣਾ, ਅਤੇ ਰਜ਼ਾ ਤਿੰਨ ਸ਼ਬਦ ਪਵਿਤਰ ਬਾਣੀ ਵਿਚ ਕਈ ਥਾਈਂ ਵਰਤੇ ਮਿਲਦੇ ਹਨ। ਸਵਾਲ ਉਠਦਾ ਹੈ ਕਿ ਜੇ ਇਹਨਾਂ ਤਿੰਨਾਂ ਦੇ ਇਕੋ ਹੀ ਅਰਥ ਹਨ ਤਾਂ ਤਿੰਨ ਸ਼ਬਦ ਕਿਉਂ ਵਰਤੇ ਗਏ ? ਕਿਤੇ ਇਹ ਤਾਂ ਨਹੀਂ ਕਿ ਅਸੀਂ ਹੀ ਤਿੰਨਾਂ ਨੂੰ ਇਕੋ ਅਰਥਾਂ ਵਿਚ ਸਮਝੀ ਬੈਠੇ ਹੋਈਏ ?

'ਮਹਾਨ ਕੋਸ਼' ਅਨੁਸਾਰ ਇਨ੍ਹਾਂ ਦੇ ਹੇਠ ਲਿਖੇ ਅਰਥ ਕੀਤੇ ਗਏ ਹਨ :–

ਹੁਕਮ=ਸੰਗਯਾ–ਆਗਯਾ (Order)
ਭਾਣਾ =ਸੰਗਯਾ–ਉਹ ਬਾਤ ਜੋ ਵਾਹਿਗੁਰੂ ਨੂੰ ਭਾਈ ਹੈ, ਰੱਬ ਦੀ ਮਰਜ਼ੀ, (Liking of God)
ਰਜ਼ਾ =ਮਨਜ਼ੂਰੀ, ਪ੍ਰਸੰਨਤਾ (Will of God)

ਇਸਲਾਮ (ਸੂਫ਼ੀ) ਧਰਮ ਵਿਚ ਹੁਕਮ ਮੰਨਣ ਵਾਲੇ ਦੇ ਤਿੰਨ ਦਰਜੇ ਦਸੇ ਗਏ ਹਨ। ਪਹਿਲਾ–ਸੱਬਰ, ਦੂਜਾ–ਰਜ਼ਾ, ਤੀਜਾ–ਤਸਲੀਮ। ਪਰ ਇਹ ਮੋਮਨ ਲਈ ਹਨ। ਸਬਰ ਦੇ ਅਰਥ ਸੰਤੋਖ ਦੇ ਹਨ। ਇਥੇ ਸੱਬਰ ਅਤੇ ਰਜ਼ਾ ਦੇ ਅਰਥ ਮਜਬੂਰੀ ਵਿਚ ਹੁਕਮ ਪਰਵਾਨ ਕਰਨ ਦੇ ਹਨ। ਤਸਲੀਮ ਦੇ ਅਰਥ ਹਨ ਜਦੋਂ ਮਜਬੂਰੀ ਖ਼ਤਮ ਹੋ ਜਾਏ, ਇਨਸਾਨ ਖਿੜੇ ਮੱਥੇ ਹੁਕਮ ਮੰਨ ਲਵੇ, ਉਸਨੂੰ ਤਸਲੀਮ ਕਹਿੰਦੇ ਹਨ। ਇਸਲਾਮ ਅਨੁਸਾਰ ਇਹ ਧੁਰੋਂ ਆਏ ਹੁਕਮ ਮੰਨਣ ਵਾਲੇ ਦੇ ਤਿੰਨ ਪੜਾਅ ਹਨ। ਪਰ ਰੱਬ ਵਲੋਂ, (ਉਪਰੋਂ ਥਲੇ ਨੂੰ) ਨਾਜ਼ਲ ਹੋਏ ਹੁਕਮ, ਰਜ਼ਾ ਅਤੇ ਭਾਣੇ ਵਿਚ ਕੀ ਅੰਤਰ ਹੈ ? ਇਹ ਗੱਲ ਇਸਲਾਮੀ ਸ਼ੱਰ੍ਹਾ ਅਨੁਸਾਰ ਸਪੱਸ਼ਟ ਨਹੀਂ ਹੁੰਦੀ। ਗੁਰਮਤਿ ਅੰਦਰ ਇਸ ਬਾਰੇ ਸੇਧ ਮਿਲਦੀ ਹੈ।

ਦਾਅਵੇ ਨਾਲ ਤਾਂ ਇਹਨਾਂ ਸਤਰਾਂ ਦਾ ਲਿਖਾਰੀ ਭੀ ਨਹੀਂ ਕਹਿ ਸਕਦਾ, ਪਰ ਗੁਰਬਾਣੀ ਦੇ ਪਾਠ ਤੇ ਕੀਰਤਨ ਵਿਚ ਜੁੜਿਆਂ ਕਦੀ ਕਦੀ ਮਿਹਰ ਹੋ ਜਾਏ ਤਾਂ ਅਰਥ-ਬੋਧ ਹੋ ਜਾਂਦੇ ਹਨ, ਪਰ ਹੈ ਇਹ ਸਤਿਗੁਰੂ ਜੀ ਦੀ ਬਖ਼ਸ਼ਸ਼। ਰਜ਼ਾ ਅਤੇ ਹੁਕਮ ਵਿਚਕਾਰ ਕੇਵਲ ਇਤਨਾ ਫ਼ਰਕ ਸਮਝ ਪੈਂਦਾ ਹੈ ਕਿ ਰਜ਼ਾ ਅਕਾਲ ਪੁਰਖ ਜੀ ਦੀ ਮਰਜ਼ੀ (Will) ਦਾ ਅੰਤਰਮੁਖੀ ਰੂਪ ਹੈ। ਜੋ ਉਸਨੂੰ ਅੰਦਰੋਂ ਪਸੰਦ ਹੈ, ਜਿਸ ਚੀਜ਼ ਵਿਚ ਉਸ ਦੀ ਭਾਵਨਾ-ਖ਼ੁਸ਼ੀ ਹੈ, ਅਤੇ ਉਹ ਅਜੇ ਅੰਦਰ ਹੀ ਅੰਦਰ ਹੈ, ਉਹ ਭਾਣਾ ਹੈ, ਉਸ ਦੀ (Likes) ਖ਼ੁਸ਼ੀ ਹੈ। ਉਸ ਭਾਣੇ ਜਾਂ ਰਜ਼ਾ ਨੂੰ ਜਦੋਂ ਬਾਹਰ-ਮੁਖੀ ਰੂਪ ਦਿੱਤਾ ਜਾਂਦਾ ਹੈ, ਉਸ ਨੂੰ ਹੁਕਮ ਕਿਹਾ ਜਾਂਦਾ ਹੈ। ਜਿਵੇਂ–

ਆਪੀਨ੍ਹੈ ਆਪੁ ਸਾਜਿਓ, ਆਪੀਨ੍ਹੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ ॥੧॥ (੪੬੩)

ਭਾਵ, ਅਕਾਲਪੁਰਖ ਅਫੁਰ ਅਵਸਥਾ ਤੋਂ ਸਫੁਰ ਹੋਇਆ, ਸਫੁਰ ਅਵਸਥਾ ਵਿਚ ਨਾਮ ਦਾ ਪ੍ਰਕਾਸ਼ ਹੋਇਆ। ਦੂਜੇ ਨੰਬਰ ਤੇ ਕੁਦਰਤ ਦੀ ਸਿਰਜਨਾ ਹੋਈ। ਕਿਵੇਂ ਹੋਈ ? ਹੁਕਮ ਅਨੁਸਾਰ ਕੁਦਰਤ ਤੋਂ ਭੀ ਪਹਿਲਾਂ ਨਾਮ ਨੇ ਹੁਕਮ ਦੀ ਸਿਰਜਨਾ ਕੀਤੀ।

ਹੁਕਮੁ ਸਾਜਿ, ਹੁਕਮੈ ਵਿਚਿ ਰਖੈ, ਹੁਕਮੈ ਅੰਦਰਿ ਵੇਖੈ ॥
ਨਾਨਕ, ਅਗਹੁ ਹਉਮੈ ਤੁਟੈ, ਤਾਂ ਕੋ ਲਿਖੀਐ ਲੇਖੈ ॥੧॥੧੬॥ (੧੨੪੩)

ਪੁਨਾ– ਆਖਣੁ, ਵੇਖਣੁ, ਬੋਲਣੁ, ਚਲਣੁ, ਜੀਵਣੁ, ਮਰਣਾ, ਧਾਤੁ ॥
ਹੁਕਮੁ ਸਾਜਿ, ਹੁਕਮੈ ਵਿਚਿ ਰਖੈ, ਨਾਨਕ, ਸਚਾ ਆਪਿ ॥੨॥੧੫॥ (ਮ: ੧–੧੪੫)

ਸੰਪੂਰਨ ਆਸਾ ਕੀ ਵਾਰ ਰਚਣ ਉਪਰੰਤ ਅੰਤਲੀ ਪਉੜੀ ਦੇ ਅੰਤ ਉਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਵਲ ਸੰਕੇਤ ਕਰਦੇ ਹੋਏ ਫ਼ੁਰਮਾਂਦੇ ਹਨ :–

ਸੋ ਕਰੇ, ਜਿ ਤਿਸੈ ਰਜਾਇ ॥੨੪॥ (ਪੰਨਾ ੪੭੫)


www.AKJ.Org

ਭਾਵ, ਕਰਤਾਰ ਉਹੋ ਕਰਦਾ ਹੈ ਜਿਹੜੀ ਉਸ ਦੇ ਮਨ ਦੀ ਮਰਜ਼ੀ ਹੁੰਦੀ ਹੈ। ਹਾਂ, ਰਜ਼ਾ ਵਿਚ ਅਗਲਾ ਫੁਰਨਾ ਹੋ ਸਕਦਾ ਹੈ, ਭਾਣੇ ਵਿਚ ਮਾਲਕ ਦੀ ਖ਼ੁਸ਼ੀ, ਉਸ ਦੀ ਪਸੰਦਗੀ, ਜੋ ਅੰਤਰਮੁਖੀ ਰਹਿੰਦੀ ਹੈ।

'ਹੁਕਮ' ਹੈ ਕੀ ? ਦੂਜਾ ਪ੍ਰਸ਼ਨ ਹੈ। ਇਹ ਠੀਕ ਹੈ ਕਿ 'ਹੁਕਮੀ ਹੋਵਨਿ ਆਕਾਰ'। ਪਰ 'ਹੁਕਮੁ ਨ ਕਹਿਆ ਜਾਈ' ਭੀ ਨਾਲ ਹੀ ਲਿਖ ਦਿਤੇ। ਕਿਉਂਕਿ ਵਾਹਿਗੁਰੂ ਜੀ ਬੇਅੰਤ ਹਨ, ਉਸ ਦਾ ਹੁਕਮ ਭੀ ਬੇਅੰਤ ਹੈ, ਇਸ ਬਾਰੇ ਮਨੁਖ ਕੁਝ ਨਹੀਂ ਜਾਣਦਾ। ਪਰ ਹੁਕਮ ਦਾ ਸੰਵਿਧਾਨ ਤਾਂ ਹੈ। ਉਸ ਮਾਲਕ ਨੇ ਸ੍ਰਿਸ਼ਟੀ ਚਲਾਉਣ ਲਈ ਕੁਝ ਨਿਯਮ ਤਾਂ ਅਵੱਸ਼ ਬਣਾਏ ਹਨ, ਜਿਸ ਅਨੁਸਾਰ–

''ਜੈਕਾਰੁ ਕੀਓਿ ਧਰਮੀਆ ਕਾ, ਪਾਪੀ ਕਉ ਡੰਡੁ ਦੀਓਇ ॥੧੬॥ (ਸਿਰੀ ਰਾਗ ਕੀ ਵਾਰ, ਪੰਨਾ ੮੯)

ਧਰਮੀਆ ਦੀ ਜੈ ਜੈਕਾਰ ਹੁੰਦੀ ਹੈ ਤੇ ਪਾਪੀਆਂ ਨੂੰ ਦੰਡ। ਕੁਝ ਨਿਯਮ ਤਾਂ ਅਵੱਸ਼ ਹਨ, ਜਿਨ੍ਹਾਂ ਰਾਹੀਂ–

ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ, ਸਚਾ ਦਰਬਾਰੁ ॥੩੪॥ (ਜਪੁਜੀ)

ਜਿਥੇ ਦਰਬਾਰ ਹੈ ਉਥੇ ਨਿਆਂ ਦੀ ਗੱਲ ਹੋਣੀ ਲਾਜ਼ਮੀ ਹੈ ਤੇ ਇਹ ਭੀ ਹੈ ਕਿ :–

ਪੂਰਾ ਨਿਆਉ ਕਰੇ ਕਰਤਾਰੁ ॥ (ਗਉੜੀ ਮ: ੫, ਪੰਨਾ ੧੯੯)

ਨਿਆਉਂ ਹਰ ਪਖੋਂ ਪੂਰਾ ਹੋਵੇ, ਇਸ ਲਈ ਬੜੇ ਬਰੀਕ ਨਿਯਮਾਂ ਦਾ ਹੋਣਾ ਲਾਜ਼ਮੀ ਹੈ। ਉਸ ਦਾ ਦਰਬਾਰ ਹੈ, ਨਿਆਉਂ ਹੈ, ਉਥੇ ਹਾਕਮ ਭੀ ਹੈ, ਜਿਸ ਨੂੰ ਸਚਾ ਪਾਤਸ਼ਾਹ ਆਖਿਆ ਗਿਆ ਹੈ।

ਸਜਣੁ ਸਚਾ ਪਾਤਿਸਾਹੁ ਸਿਰਿ ਸਾਂਹਾਂ ਦੈ ਸਾਹੁ ॥
ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ ਵੇਸਾਹੁ ॥੨੨॥ (ਮ: ੫–੧੪੨੬)

ਅਕਾਲਪੁਰਖ ਵਡਾ ਸਾਹਿਬ ਹੈ, ਵਡੇ ਨਾਮ ਵਾਲਾ ਹੈ, ਤੇ ਉਸ ਦੇ ਹੁਕਮ ਅਨੁਸਾਰ ਸਭ ਕੁਝ ਹੁੰਦਾ ਹੈ–

ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥੨੧॥ (ਜਪੁਜੀ)

ਪਰ ਅਕਾਲਪੁਰਖ ਆਪ, ਇਸ ਆਪਣੇ ਬਣਾਏ ਵਿਧਾਨ ਤੋਂ ਉਪਰ ਹੈ। ਇਹ ਵਿਧਾਨ ਕੇਵਲ ਉਸਦੀ ਰਚਨਾ ਲਈ ਹੈ, ਮਾਲਕ ਲਈ ਨਹੀਂ–

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥੧੯॥ (ਜਪੁਜੀ)

ਗੁਰਮਤੀ ਕਦਰਾਂ ਇਹ ਮੰਗ ਕਰਦੀਆਂ ਹਨ ਕਿ ਅਕਾਲਪੁਰਖ ਜੀ ਦਾ ਜਿਵੇਂ ਜਿਵੇਂ ਹੁਕਮ ਵਰਤ ਰਿਹਾ ਹੈ, ਉਸ ਨੂੰ ਖਿੜੇ ਮੱਥੇ ਪਰਵਾਨ ਕੀਤਾ ਜਾਏ, ਚਾਹੇ ਉਹ ਹੁਕਮ ਮਨੁਖੀ ਸੋਚ ਅਨੁਸਾਰ ਕਿਤਨਾ ਅਸਹਿ ਵੀ ਕਿਉਂ ਨਾ ਹੋਵੇ। ਇਸਲਾਮੀ ਸੂਫ਼ੀ ਧਰਮ ਦਾ ਧਾਰਨੀ ਸਬਰ ਅਤੇ ਰਜ਼ਾ ਦੀਆਂ ਪਉੜੀਆਂ ਚੜ੍ਹਨ ਵਿਚ ਲਾਚਾਰ ਅਤੇ ਮਜਬੂਰ ਹੋ ਕੇ ਹੁਕਮ ਮੰਨਦਾ ਹੈ। ਦਿਲੋਂ ਸਿੱਦਕ ਨਾਲ, ਦਿਲੋਂ ਉਸ ਪਿਆਰੇ ਦੇ ਹੁਕਮ ਨੂੰ ਉਸਦਾ ਪਿਆਰ ਨਹੀਂ ਸਮਝਦਾ, ਜਿਵੇਂ ਗੁਰਬਾਣੀ ਸਮਝਾਂਦੀ ਹੈ :–

(ੳ) ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥
ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥੨੫॥ (ਜਪੁਜੀ)

(ਅ) ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ, ਏਵੈ ਜਾਪੈ ਭਾਉ ॥
ਭੀ ਤੂੰ ਹੈ ਸਾਲਾਹਣਾ, ਆਖਣ ਲਹੈ ਨ ਚਾਉ ॥੪॥੯॥ (ਮ: ੧, ਪੰਨਾ ੧੪੨)

ਸ਼ਾਇਦ ਅਸਾਂ ਸਤਿਗੁਰਾਂ ਦੀ ਇਸ ਭਵਿਖ-ਬਾਣੀ ਨੂੰ ਸਮੇਂ ਸਿਰ ਗੌਲਿਆ ਨਹੀਂ। ਸਿਖ ਇਤਿਹਾਸ ਗਵਾਹ ਹੈ ਕਿ ਸਿੱਖਾਂ ਦੇ ਸਿਰ ਤੇ ਰਤ-ਪੀਣੇ ਰਾਜੇ ਸਦਾ ਹੀ ਸਵਾਰ ਰਹੇ ਹਨ, ਤੇ ਹੁਣ ਵੀ ਕੋਈ ਕਸਰ ਬਾਕੀ ਨਹੀਂ ਰਹੀ। ਪਰ ਸਤਿਗੁਰਾਂ ਦੀ ਅਗਲੀ ਗੱਲ ਵਧੇਰੇ ਧਿਆਨ ਦੇਣ ਜੋਗ ਹੈ, ''ਹੇ ਨਿਰੰਕਾਰ ਜੀਉ, ਹੇ ਪ੍ਰੀਤਮ ਜੀ, ਮੈਨੂੰ ਤਾਂ ਇਹ ਭੀ ਤੇਰਾ ਪਿਆਰ ਹੀ ਲਗਦਾ ਹੈ, ਤੇਰਾ ਭਾਣਾ ਮਿੱਠਾ ਲਗਦਾ ਹੈ। ਅਤੇ ਇਤਨਾ ਕੁਝ ਜ਼ੁਲਮ ਹੋਣ ਦੇ ਬਾਵਜੂਦ ਭੀ ਮੈਂ ਤੈਥੋਂ ਬੇਮੁਖ ਨ ਹੋ ਕੇ, ਤੇਰੀ ਉਸਤਤ ਕਰਦਾ ਰਹਾਂ, ਤੇ ਮੇਰੇ ਮਨ ਵਿਚੋਂ ਤੇਰੀ ਪ੍ਰੀਤ ਕਿਸੇ ਤਰ੍ਹਾਂ ਭੀ ਨ ਘਟੇ।'' ਗੁਰੂ ਅਰਜਨ ਦੇਵ ਜੀ ਭੀ ਇਹੋ ਫ਼ੁਰਮਾ ਰਹੇ ਹਨ–


www.AKJ.Org

(ੳ) ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ ॥੧॥ (ਨਟ ਨਾਰਾਇਨ ਮ: ੫-੯੭੮)

(ਅ) ਸੋਈ ਸਿਆਣਾ, ਸੋ ਪਤਵੰਤਾ, ਹੁਕਮੁ ਲਗੈ ਜਿਸੁ ਮੀਠਾ ਜੀਉ ॥੧॥ (ਮਾਝ ਮ: ੫-੧੦੮)

ਇਸਲਾਮੀ ਮੋਮਨ ਕਈ ਚਿਰ ਪਿਛੋਂ ''ਤਸਲੀਮ'' ਦੀ ਅਵਸਥਾ ਤੇ ਪੁਜਦਾ ਹੈ, ਪਰ ਗੁਰਬਾਣੀ ਪੜ੍ਹਨ ਵਾਲਾ ਸੁਚਿਆਰ ਸਿੱਖ ਸ਼ੁਰੂ ਹੀ ਤਸਲੀਮ ਤੋਂ ਕਰਦਾ ਹੈ, ਹੁਕਮ ਨੂੰ ਮਿੱਠਾ ਕਰਕੇ ਮੰਨਣ ਤੋਂ ਸਿਖ ਦਾ ਜੀਵਨ ਅਰੰਭ ਹੁੰਦਾ ਹੈ।

ਕਈ ਪ੍ਰਚਾਰਕ ਅਤੇ ਵਿਦਵਾਨ ਬਾਬਰਵਾਣੀ ਦੀਆਂ ਇਹਨਾਂ ਤੁਕਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਕਾਲਪੁਰਖ ਦੇ ਖ਼ਿਲਾਫ਼ ਹੁਕਮ ਮੰਨਣ ਤੋਂ ਆਕੀ ਹੋ ਕੇ ਵਿਦਰੋਹ ਦੀ ਆਵਾਜ਼ ਬੁਲੰਦ ਕਰਨ ਵਾਲਾ ਦਸ ਕੇ ਅਜੋਕੇ ਸਿਆਸੀ ਮਾਹੌਲ ਵਿਚ ਉਸਦੀ ਉਚਿਤੱਤਾ ਦਰਸਾਉਣ ਦਾ ਜਤਨ ਕਰਦੇ ਸੁਣੇ ਹਨ। ਪਰ ਇਹ ਸ਼ਬਦ ਕਹਿਣ ਵਾਲੇ ਸਤਿਗੁਰੂ ਜੀ ਦਾ ਫ਼ੁਰਮਾਨ ਹੈ-

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥
ਤਾ ਦਰਗਹ ਪੈਧਾ ਜਾਇਸੀ ॥੧੫॥ (ਆਸਾ ਕੀ ਵਾਰ, ਪੰਨਾ ੪੭੧)

ਭਾਵ, ਜੋ ਖਸਮ ਨੂੰ ਭਾਵੇ, ਉਸੇ ਅਨਸਾਰ ਚਲਣ ਵਿਚ ਦਰਗਾਹੇ ਥਾਂ ਅਤੇ ਸਿਰੋਪਾ ਬਖ਼ਸ਼ਸ਼ ਹੁੰਦਾ ਹੈ। ਉਹ ਆਪਣੇ ਹੀ ਸਿਧਾਂਤ ਦੇ ਉਲਟ ਕਿਵੇਂ ਕੁਝ ਕਹਿ ਸਕਦਾ ਹੈ?

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥੩੯॥ (ਆਸਾ ਮ: ੧-ਪੰਨਾ ੩੬੦)

ਇਥੇ ''ਤੈਂ ਕੀ ਦਰਦੁ ਨ ਆਇਆ'' (tag question) ਵਲਾਵਾਂ ਪ੍ਰਸ਼ਨ ਹੈ, ਜਿਸ ਤੋਂ ਭਾਵ ਲਿਆ ਜਾਂਦਾ ਹੈ ਕਿ ''ਹੇ ਪ੍ਰਭੂ, ਤੈਨੂੰ ਭੀ ਤਾਂ ਏਹ ਮਾਰ ਕੁਟ ਵੇਖ ਕੇ ਜ਼ਰੂਰ ਦਰਦ ਆਇਆ ਹੋਣੈ। ਇਹੋ ਜਿਹੇ ਵਲਾਵੇਂ ਪ੍ਰਸ਼ਨ ਦਾ ਇਕ ਹੋਰ ਨਮੂਨਾ ਹੈ-

ਜੇ ਹਉ ਜਾਣਾ, ਆਖਾ ਨਾਹੀ? ਕਹਣਾ ਕਥਨੁ ਨ ਜਾਈ ॥੫॥ (ਜਪੁਜੀ ਸਾਹਿਬ)

ਭਾਵ, ਜੇ ਮੈਂ ਜਾਣਦਾ ਹੁੰਦਾ ਤਾਂ ਕਹਿੰਦਾ ਨਾ? ਭਾਵ, ਮੈਂ ਜਾਣਦਾ ਨਹੀਂ। ਯਾਦ ਰਹੇ ਇਹ ਉਹੀ ਸਤਿਗੁਰੂ ਹਨ ਜੋ ਬੜੇ ਖੁਲ੍ਹੇ ਸ਼ਬਦਾਂ ਵਿਚ ਅਕਾਲਪੁਰਖ ਨੂੰ ਉਸਦੀ ਰਜ਼ਾ ਵਿਚ ਜੀਵਾਂ ਤੇ ਜੋ ਵਰਤ ਰਿਹਾ ਹੈ, ਉਸ ਬਾਰੇ ਇਉਂ ਕਹਿ ਰਹੇ ਹਨ:-ਤੇਰੇ ਜੀਅ, ਜੀਆ ਕਾ ਤੋਹਿ ॥ ਕਿਤ ਕਉ ਸਾਹਿਬ ਆਵਹਿ ਰੋਹਿ ॥

ਜੇ ਤੂ ਸਾਹਿਬ ਆਵਹਿ ਰੋਹਿ ॥ ਤੂ ਓਨਾ ਕਾ, ਤੇਰੇ ਓਹਿ ॥੨॥ (ਪੰਨਾ ੨੫)

'ਹੇ ਪ੍ਰਭੂ, ਇਹ ਜੀਵ ਸਭ ਤੇਰੇ ਕੀਤੇ ਹੋਏ ਹਨ, ਜੇ ਤੈਨੂੰ ਕਦੇ ਇਹਨਾਂ ਤੇ ਰੋਹ ਆਉਂਦਾ ਹੈ ਤਾਂ ਭੀ ਉਹ ਤੇਰੇ ਹੀ ਹਨ, ਤੂੰ ਉਹਨਾਂ ਦਾ ਮਾਲਕ ਹੈਂ।'

ਅਸੀ ਬੋਲ ਵਿਗਾੜ, ਵਿਗਾੜਹਿ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥੩॥੩੦॥
(ਸਿਰੀ ਰਾਗੁ ਮ: ੧, ਪੰਨਾ ੨੫)

'ਅਸੀਂ ਮੂੰਹ-ਫੱਟ ਕੁਬੋਲ ਬੋਲਦੇ ਹਾਂ ਤੇਰੀ ਸ਼ਾਨ ਦੇ ਖਿਲਾਫ਼, ਪਰ ਤੂੰ ਮਾਲਕ ਹੈਂ, ਸਦਾ ਆਪਣੀ ਮਿਹਰ ਦੀ ਨਜ਼ਰ ਨਾਲ ਸਭ ਨੂੰ ਤੋਲਦਾ ਹੈਂ।' ਸੋ ਸ੍ਰੀ ਗੁਰੂ ਨਾਨਕ ਦੇਵ ਜੀ ਵਿਦਰੋਹੀ ਨਹੀਂ ਸਨ, ਹੁਕਮੀ ਬੰਦੇ ਬਣ ਕੇ ✻

*ਨੋਟ-ਇਸੇ ਸ਼ਬਦ ਦੇ ਆਖ਼ਰੀ ਬੰਦ ਦੀ ਤੁਕ ਹੈ-''ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥'' ਭਾਵ ਪੂਰਾ ਨਿਆਉਂ ਕਰਨ ਵਾਲੇ ਕਰਤਾਰ ਦੀ ਨਜ਼ਰ ਵਿਚ ਇਕ ਨਿੱਕਾ ਜਿਹਾ ਕੀੜਾ ਵੀ ਹੈ। ਫਿਰ ਐਸੇ ਮਿਹਰਵਾਨ ਕਰਤਾਰ ਨੂੰ ਸਤਿਗੁਰੂ ਜੀ ਬੇ-ਦਰਦ ਕਿਵੇਂ ਆਖ ਸਕਦੇ ਹਨ? ਸਪੱਸ਼ਟ ਹੈ ਕਿ ਇਹ ਤੁਕਾਂ ਕਿਸੇ ਹੋਰ ਭਾਵ ਵਿਚ ਕਹੀਆਂ ਗਈਆਂ ਹਨ, ਜਿਨ੍ਹਾਂ ਦੀ ਸਪੱਸ਼ਟਤਾ ਕਿਸੇ ਵਖਰੇ ਲੇਖ ਰਾਹੀਂ ਕੀਤੀ ਜਾਵੇਗੀ। (ਸੰਪਾਦਕ)


www.AKJ.org

# ਖ਼ਾਲਸਾ ਪੰਥ ਅਗੇ ਦਰਦ-ਭਰੀ ਅਪੀਲ

[ਬਾਵਾ ਹਰਿਕ੍ਰਿਸ਼ਨ ਸਿੰਘ ਜੀ]

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਸਜੇ ਭਾਰੀ ਪੰਥਕ ਇਕੱਠ ਵਿਚ ੧੬-੯-੭੭ ਨੂੰ ਬਾਵਾ ਹਰਕ੍ਰਿਸ਼ਨ ਸਿੰਘ ਜੀ ਨੂੰ ਉਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਮੁਖ ਰਖ ਕੇ, ਤਖ਼ਤ ਸਾਹਿਬ ਵਲੋਂ ਪ੍ਰਸੰਸਾ-ਪੱਤਰ ਦੀ ਬਖ਼ਸ਼ਸ਼ ਹੋਈ। ਉਸ ਸਮੇਂ ਖ਼ਾਲਸਾ ਜੀ ਨੂੰ ਸੰਬੋਧਨ ਕਰ ਕੇ ਬਾਵਾ ਜੀ ਨੇ ਦਿਲੀ ਪੀੜਾਂ ਦੇ ਜੋ ਵਲਵਲੇ ਪੇਸ਼ ਕੀਤੇ ਅਤੇ ਪੰਥ ਨੂੰ ਚੇਤੰਨ ਹੋਣ ਲਈ ਜੋ ਸੁਝਾਅ ਦਿਤੇ, ਉਸ ਭਾਸ਼ਨ ਵਿਚੋਂ ਉਹ ਸੁਝਾਅ ਅਸੀਂ ਤੀਜੀ ਵਾਰ ਪੇਸ਼ ਕਰ ਰਹੇ ਹਾਂ।

ਸੰਪਾਦਕ

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਪਿਆਰੇ, ਮਾਨਯੋਗ ਸਾਧ ਸੰਗਤ, ਗੁਰੂ ਖ਼ਾਲਸਾ ਤੇ ਪੰਥ ਦੇ ਸੇਵਕ ਸਾਹਿਬਾਨ–

ਮੈਨੂੰ ਖਿਮਾ ਕਰਨਾ, ਮੇਰੀਆਂ ਕਮਲੀਆਂ ਗੱਲਾਂ, ਮੇਰਾ ਜੀਵਨ ਹੁਲਾਰਾ, ਤੇ ਇਸ ਕਰਕੇ ਕੁਝ ਵਧ ਘਟ ਗੱਲ ਕਹੀ ਜਾਏ, ਇਹ ਦਾਸ, ਸਾਰੀ ਉਮਰ ਦਾ ਦਾਸ ਤੁਹਾਡੇ ਦਰਾਂ ਤੇ ਬਹਿਣ ਵਾਲਾ, ਸਮਝ ਕੇ ਮਾਫ਼ ਕਰਨਾ। ਮੇਰੇ ਮਨ ਵਿਚ ਐਸ ਵੇਲੇ ਇਹ ਆਇਆ ਹੈ ਕਿ ਜਿਵੇਂ ਉਹ ਮੇਰੇ ਸਾਰੇ ਸਾਥੀ, ਸਭ ਚਲੇ ਗਏ। ਮੇਰੇ ਮਾਣ ਦੇ ਥਾਉਂ, ਮੇਰੇ ਪਿਆਰ ਦੇ ਥਾਉਂ, ਮੈਥੋਂ ਵਡੇ, ਮੈਥੋਂ ਛੋਟੇ। ਪਿਆਰਿਓ, ਮੈਨੂੰ ਆਖਦੇ ਪਏ ਹਨ, ਤੂੰ ਸਾਰੀ ਉਮਰ ਗੁਰੂ ਕੇ ਦੁਆਰੇ ਬਿਤਾਈ। ਤੈਨੂੰ ਅਕਾਲ ਤਖ਼ਤ ਸਾਹਿਬ ਅਗੇ ਪੰਥ ਇਕੱਠਾ ਹੋਇਆ ਮਿਲਿਆ। ਤੂੰ ਕੋਈ ਗੱਲ ਕੰਮ ਦੀ ਕਹਿਣੀ ਸੀ। ਸੋ ਪਿਆਰਿਓ, ਮਿਤਰੋ–

'ਖੜਾ ਪੁਕਾਰੇ ਪਾਤਣੀ, ਬੇੜਾ ਕਪਰ ਵਾਤਿ ॥‡

ਮੇਰਾ ਜੀਅ ਕਰਦੈ, ਮੈਂ ਉਨ੍ਹਾਂ ਅਗੇ, ਜਿਹੜੇ ਸਾਡੇ ਮਾਨਯੋਗ ਲੀਡਰ ਨੇ, ਆਗੂ ਨੇ, ਉਨ੍ਹਾਂ ਕੋਲ ਕੁਛ ਬੇਨਤੀਆਂ ਕਰਾਂ। ਉਹ ਇਹ ਕਿ ਸੋ ਹੱਥ ਰੱਸਾ ਤੇ ਸਿਰੇ ਤੇ ਗੰਢ। ਉਹ ਆਪੇ, ਆਪਣੇ ਸਾਰੇ ਪਰਵਾਰ ਦੇ ਵਿਚ ਖਿਲਾਰਨ।

ਸੋ ਮਾਨਯੋਗ ਸੇਵਕੋ, ਆਗੂਓ, 'ਵਾਹਿਗੁਰੂ'! ਜ਼ਰਾ ਸੋਚੀਏ, 'ਵਾਹਿਗੁਰੂ'! ਸੌ ਸਾਲ ਨਹੀਂ ਤਾਂ ਨਵੇ ਸਹੀ,

‡ ਸਲੋਕ ਫਰੀਦ ਨੰ: ੩੫ ਪੰਨਾ ੧੩੮੨

---

❋ ਦਸੋਂ ਜਾਮਿਆਂ ਵਿਚ ਹੁਕਮ ਵਿਚ ਕਾਰ ਕਮਾਉਂਦੇ ਰਹੇ ਅਤੇ ਆਪਣੇ ਸਿੱਖਾਂ ਨੂੰ ਸਦਾ ਹੁਕਮ ਵਿਚ ਰਹਿਣ ਦਾ ਉਪਦੇਸ਼ ਦ੍ਰਿੜ੍ਹ ਕਰਵਾਂਦੇ ਰਹੇ।

ਪੰਚਮ ਪਾਤਸ਼ਾਹ ਦੇ ਸਮਕਾਲੀ ਸਿਖ ਭਾਈ ਭਿਖਾਰੀ ਜੀ ਬ੍ਰਹਮ ਗਿਆਨੀ ਹੋਏ ਹਨ। ਓਹਨਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਉਹਨਾਂ ਦੇ ਪੁਤਰ ਦੀ ਸ਼ਾਦੀ ਤੋਂ ਇਕ-ਦਮ ਬਾਅਦ ਮੌਤ ਹੋ ਜਾਣੀ ਹੈ, ਪਰ ਉਹ ਹੁਕਮ ਵਿਚ ਅਡੋਲ ਰਹਿ ਕੇ, ਇਕ ਪਾਸੇ ਸ਼ਾਦੀ ਦੀਆਂ ਤਿਆਰੀਆਂ ਕਰਦੇ ਰਹੇ ਤੇ ਦੂਜੇ ਪਾਸੇ ਗੁਪਤੋ ਗੁਪਤੀ ਕਫ਼ਨ ਅਤੇ ਸਸਕਾਰ ਦਾ ਸਾਮਾਨ ਭੀ ਬਣਾਂਦੇ ਰਹੇ। ਇਹ ਹੈ ਹੁਕਮੀ ਬੰਦੇ ਦੀ ਖੇਡ।

ਸਾਹਮਣੇ ਮੁਰਦਾ ਪਿਆ ਹੈ, ਭਾਈ ਲਹਿਣਾ ਜੀ ਆਪ ਉਪਰ ਚੱਦਰ ਪਾਉਂਦੇ ਹਨ, ਪਰ ਸਤਿਗੁਰਾਂ ਦਾ ਹੁਕਮ ਹੋ ਗਿਆ, "ਪੁਰਖਾ, ਮੁਰਦਾ ਖਾ।" ਮਾਲਕ ਸਿਖ ਨੂੰ ਮੁਰਦਾ ਨਹੀਂ ਸੀ ਖੁਆਣਾ ਚਾਹੁੰਦੇ, ਪਰ ਇਹ ਵੇਖਣਾ ਚਾਹੁੰਦੇ ਸਨ ਕਿ ਕੀ ਮੇਰਾ ਸਿੱਖ ਸਿੱਦਕ ਵਿਚ ਦ੍ਰਿੜ੍ਹ ਰਹਿ ਕੇ, ਹੁਕਮ ਮੰਨ ਸਕਦਾ ਹੈ। ਭਾਈ ਲਹਿਣਾ ਜੀ ਨੇ ਹੁਕਮ ਅਗੇ ਸਿਰ ਝੁਕਾ ਕੇ ਸਾਡੇ ਲਈ ਪੂਰਨੇ ਪਾਏ। ਗੁਰਮਤਿ ਵਿਚ ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ। ਜੇ ਕੋਈ ਹੁਕਮ ਦੇ ਜ਼ਬਤ ਵਿਚ ਰਹਿ ਸਕਦਾ ਹੈ ਤਾਂ ਉਹ ਸੁਚਿਆਰ ਸਿਖ ਹੋਣ ਦਾ ਮਾਣ ਪ੍ਰਾਪਤ ਕਰ ਸਕਦਾ ਹੈ, ਨਹੀਂ ਤਾਂ ਸਿੱਖ ਅਖਵਾਉਣਾ ਮੁਸ਼ਕਲ ਹੈ।



www.AKJ.Org

ਨਵੇ ਨਹੀਂ ਤਾਂ ਅਸੀ ਸਹੀ, ਇਹ ਸ੍ਰੀ ਗੁਰੂ ਸਿੰਘ ਸਭਾ ਦੀ ਲਹਿਰ ਉਠੀ। ਉਹ ਫਿਰ ਅਗੇ ਵਧਦੇ ਗਏ। ਕਈ ਚੀਜ਼ਾਂ ਵਿਚ ਆਈਆਂ। ਫਿਰ ਇਹ ਗੁਰਦੁਆਰਾ ਲਹਿਰ! ਫਿਰ ਬਹੁਤ ਕੁਛ ਬਣਿਆ। ਗੁਰਦਵਾਰਿਆਂ ਦਾ ਕਾਨੂੰਨ ਬਣਿਆ। ਗੁਰਦਵਾਰਿਆਂ ਦਾ ਪਰਬੰਧ ਕਰਨ ਵਾਸਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਬਣੀ। ਫੇਰ ਰਾਜਸੀ ਲਹਿਰਾਂ ਚਲੀਆਂ। ਕਿਉਂ ਨਾ ਚਲਣ! ਇਹ ਕੰਗਲਿਆਂ ਦਾ ਪੰਥ ਨਹੀਂ। ਰਾਜ ਕਰੇਗਾ ਖ਼ਾਲਸਾ। ਭਰਾਵਾਂ ਨਾਲ ਮਿਲ ਕੇ ਰਾਜ ਕਰੇਗਾ। ਇਨਸਾਫ਼ ਦਾ ਰਾਜ ਕਰੇਗਾ। ਫਿਰ–

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥੧੩॥*

ਇਹ ਵਿਚਾਰ ਦੀ ਗੱਲ ਏ। ਅਸੀਂ ਰਾਜਸੀ ਮੈਦਾਨ ਵਿਚ ਜੀਣਾ ਚਾਂਹਦੇ ਆਂ, ਵਧਣਾ ਚਾਂਹਦੇ ਆਂ, ਸੇਵਾ ਕਰਨੀ ਚਾਂਹਦੇ ਆਂ, ਆਪਣੇ ਪੰਥ ਦੀ, ਦੇਸ਼ ਦੀ, ਹਿੰਦੂ ਮੁਸਲਮਾਨ ਸਿਖ ਈਸਾਈ ਭਰਾਵਾਂ ਦੀ। ਅਰ ਸਾਡੀ ਵੀ ਜਗ੍ਹਾ ਹੈ। ਇਸ ਦੇਸ਼ ਦੇ ਵਿਚ ਸਿਖ ਇਕ ਲੋੜ ਨੂੰ ਪੂਰਾ ਕਰਦਾ ਹੈ। ਸੋ ਇਸ ਕਰਕੇ ਸਾਡੇ ਲੀਡਰਾਂ ਨੂੰ, ਸਾਡੇ ਆਗੂਆਂ ਨੂੰ, ਸਾਡੇ ਪਿਆਰੇ ਮਾਨਯੋਗ, ਭਾਈ! ਹੋਰ ਤੇ ਨੁਕਤਾਚੀਨੀਆਂ ਕਰਨ ਜੋਗਾ ਹੋਊ ਤੇ ਮੈਥੋਂ ਤਾਂ ਸਾਰੇ ਹੀ ਚੰਗੇ ਨੇ। ਤੇ ਮੈਂ ਕੀ ਕਹਾਂ? ਤੇ ਮੈਨੂੰ ਤਾਂ ਸਾਰਿਆਂ ਦੇ ਵਿਚ ਮਲੂਮ ਹੁੰਦੈ ਕੁਝ ਲਾਭ ਹੈਗਾ, ਕੁਝ ਗੁਣ ਹੈਗਾ। ਜੇ ਮੈਂ ਈਮਾਨਦਾਰ ਹਾਂ ਤਾਂ ਮੈਂ ਐਵੇਂ ਤਾਰੀਫ਼ ਕਰ ਦਿਤੀ ਤੇ ਐਵੇਂ ਨਿੰਦਿਆ ਕਰ ਦਿਤੀ, ਇਹ ਈਮਾਨਦਾਰ ਆਦਮੀ ਦਾ ਕੰਮ ਨਹੀਂ।

ਪਿਆਰੇ ਭਰਾਵੋ, ਬੋਹੜੀ ਜੇ! ਜਿਨ੍ਹਾਂ ਨੇ ਕੰਮ ਕਰ ਕੇ ਨਹੀਂ ਦੇਖਿਆ ਉਨ੍ਹਾਂ ਨੂੰ ਨਹੀਂ ਪਤਾ। ਜਿਨ੍ਹਾਂ ਨੇ ਕੰਮ ਕੀਤੇ ਨੇ ਉਨ੍ਹਾਂ ਨੂੰ ਪਤਾ ਕੰਮ ਵਾਲਿਆਂ ਦੀਆਂ ਕੀ ਮੁਸ਼ਕਲਾਂ ਹਨ। ਉਨ੍ਹਾਂ ਨੂੰ ਹਮਦਰਦੀ ਹੁੰਦੀ ਹੈ ਕੰਮ ਕਰਨ ਵਾਲਿਆਂ ਦੇ ਨਾਲ। ਸੋ ਪਿਆਰਿਓ, ਮੈਂ ਸਮਝਦਾ ਇਉਂ ਜੇ–

"ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ॥"

ਪਿਆਰਿਓ, ਲੀਡਰੋ, ਪੰਥ ਦਾ ਖਜ਼ਾਨਾ ਜਿਹੜਾ ਹੈ, ਇਹ ਸਾਂਭ ਕੇ ਰਖਣਾ। ਕੀ ਖ਼ਜ਼ਾਨਾ? ਹੋਰ ਭੀ ਚੀਜ਼ਾਂ ਹਨ, ਗੁਰਦੁਆਰੇ ਹਨ, ਗੁਰਦੁਆਰਾ ਕਾਨੂੰਨ ਹੈ। ਰਾਜਸੀ–ਰਾਜਸੀ ਕਾਮਯਾਬੀਆਂ। ਪਰ ਜਿਹੜਾ ਆਪ ਸਜਣਾਂ ਦੇ ਗੂੜ੍ਹਾ, ਵਿਚਾਰ ਕਰਨ ਵਾਲੀ ਗੱਲ ਹੈ, ਉਹ ਇਹ ਹੈ, ਮੇਰੇ ਕਮਲੇ ਦੀ, ਮੈਨੂੰ ਮਾਫ਼ੀ ਦੇਣੀ ਗੱਲਾਂ ਕਹੀਆਂ ਦੀ, ਭਰਾਵੋ, ਗੁਰਦੁਆਰਿਆਂ ਦੇ ਕਬਜ਼ੇ ਦੇ ਪਰਬੰਧ ਦਾ ਮਾਣ ਨਾ ਕਰੋ, ਇਹ ਇਕ ਮਿੰਟ 'ਚ ਖੁਸ ਸਕਦਾ ਏ। ਸਰਕਾਰ, ਗੁਰਦੁਆਰਾ ਕਾਨੂੰਨ ਜਿਹੜਾ ਹੈ, ਉਸ ਨੂੰ ਸਸਪੈਂਡ ਕਰ ਸਕਦੀ ਹੈ। ਅਤੇ ਕੋਈ ਜੋਸ਼ ਵਿਚ ਆ ਕੇ ਕਹੇ ਕਾਨੂੰਨ! ਓਇ, ਆਈਨ ਸਾਰੇ ਹਿੰਦੁਸਤਾਨ ਦਾ ਸਸਪੈਂਡ ਕਰ ਦਿਤਾ, ਮੁਅੱਤਲ ਕਰ ਦਿਤਾ। ਕੋਈ ਕੁਸਕਿਆ ਨਹੀਂ, ਦਸ ਬਾਰ੍ਹਾਂ ਸਾਲ, ਏਡੀ ਅਤ ਹੋਈ, ਜ਼ੁਲਮ ਹੋਇਆ! ਤੁਸੀਂ ਕੀ ਚੀਜ਼ ਹੋ? ਕੀ ਨਹੀਂ ਹੋ ਸਕਦਾ? ਸਾਡੀ ਆਪਸ ਵਿਚ ਦੀ ਲੜਾਈਆਂ ਕਰਕੇ, ਸਰਕਾਰ ਜਿਹੜੀ ਹੈ, ਉਹ ਪੁਕਾਰ ਕਰੇ, ਸਾਡਾ ਕੀ ਪਤਾ, ਅਸੀਂ ਖ਼ੂਨ ਖ਼ਰਾਬਾ ਵੀ ਕਰ ਦੇਣ ਵਾਲੇ ਹਾਂ। ਸੋ ਏਸ ਕਰਕੇ ਮੈਂ ਇਕ ਬੇਨਤੀ ਕਰਦਾ ਹਾਂ, ਗੁਰਦੁਆਰੇ ਖੁਸ ਸਕਦੇ ਨੇ, ਰਾਜਸੀ ਜਿਹੜੀਆਂ ਕਾਮਯਾਬੀਆਂ, ਪ੍ਰਾਪਤੀਆਂ, ਵਜ਼ਾਰਤਾਂ ਨੇ, ਖੁਸ ਸਕਦੀਆਂ ਨੇ। ਜਿਨ੍ਹਾਂ ਨਾਲ ਰਲ ਕੇ ਬਣਾਈ ਉਹ ਹੀ ਡਿਗ ਜਾਣ ਤਾਂ ਫਿਰ ਕੀ ਹੋਏਗਾ?

ਇਸ ਕਰਕੇ ਕੁਝ ਮੁਢਲੀਆਂ ਗੱਲਾਂ ਜਿਹੜੀਆਂ ਨੇ, ਉਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਹੈ, ਬੜੇ ਅਦਬ ਦੇ ਨਾਲ, ਇਕ ਦਾਅਵੇ ਦੇ ਨਾਲ। ਇਹ ਦਾਅਵਾ ਕਿ ਭਰਾਵੋ, ੧੯੧੨ ਤੋਂ ਲੈ ਕੇ, ਬਲਕਿ ਉਸ ਤੋਂ ਪਹਿਲੋਂ, ਜਦੋਂ ਮਿਸ਼ਨ ਕਾਲਜ ਪੜ੍ਹਦੇ ਸਾਂ, ਓਦੋਂ ਤੋਂ ਹੀ ਇਹ ਗੁਰੂ ਦੇ ਦੁਆਰੇ ਦੀ ਲਗਨ ਸੀ। ਓਦੋਂ ਤੋਂ ਹੁਣ ਤਕ ਬੂਹੇ ਤੇ ਬੈਠਾ ਦਰਬਾਨ ਵੇਖਦਾ ਰਿਹਾ, ਜੋ ਕੁਝ ਹੁੰਦਾ ਰਿਹਾ। ਤੇ ਇਹੋ ਬੇਨਤੀ ਕਰਨਾ ਚਾਹਨਾਂ ਹਾਂ ਕਿ ਕੁਝ ਕੁ ਚੀਜ਼ਾਂ ਬਹੁਤ ਸਾਂਭ ਕੇ ਰਖਣ ਵਾਲੀਆਂ ਨੇ।

* ਸਿਰੀ ਰਾਗੁ ਮ: ੫, ਪੰਨਾ ੭੪


www.AKJ.Org

ਇਕ ਤਾਂ ਮਹਾਰਾਜ ਗੁਰੂ ਬਾਬੇ, ਗੁਰੂ ਨਾਨਕ ਦੀ ਦੇਣ–

ਘਰਿ ਘਰਿ ਅੰਦਰਿ ਧਰਮਸਾਲ, ਹੋਵੈ ਕੀਰਤਨੁ ਸਦਾ ਵਿਸੋਆ ॥†

ਇਹ ਘਰ ਘਰ ਅੰਦਰ ਧਰਮਸਾਲ ਬਾਬੇ ਗੁਰੂ ਨਾਨਕ, ਜਗਤ ਗੁਰੂ ਦੀ ਦਾਤ ਹੈ ਸਾਰੀ। ਜਦੋਂ ਗੁਰਦੁਆਰੇ ਸਾਡੇ ਕਬਜ਼ੇ ਵਿਚ ਨਹੀਂ ਸੀ ਆਏ ਤਾਂ ਫਿਰ ਘਰ ਘਰ ਅੰਦਰ ਧਰਮਸਾਲ ਸੀ। ਇਹ ਸਾਂਭ ਕੇ ਰਖਣ ਵਾਲੀ ਚੀਜ਼ ਹੈ। ਇਕ ਸਿਰਫ ਸਿਖ ਹਨ ਜਿਨ੍ਹਾਂ ਦੇ ਘਰਾਂ ਵਿਚ ਪ੍ਰਕਾਸ਼ ਹੁੰਦਾ ਹੈ, ਧਰਮਸਾਲਾਂ ਹਨ ਬਹੁਤ ਸਾਰਿਆਂ ਦੇ, ਹੋਰ ਕਿਸੇ ਦੇ ਨਹੀਂ।

ਇਕ ਕੀਰਤਨ ਗੁਰੂ ਕੇ ਸ਼ਬਦ ਦਾ। ਇਕ ਪ੍ਰਕਾਸ਼ ਮਹਾਰਾਜ ਦੀ ਬਾਣੀ ਦਾ। ਇਹ ਕਥਾ ਵਖਿਆਨ ਇਕੱਠੇ ਹੋ ਕੇ, ਇਕ ਗੋਸ਼ਟ, ਗੱਲਾਂ ਬਾਤਾਂ ਕਰਨੀਆਂ, ਪਰਮਾਰਥ ਦੀਆਂ; ਇਹ ਬੜੀ ਸਾਂਭ, ਪਕੜ ਕੇ ਰਖਣ ਵਾਲੀ ਚੀਜ਼ ਹੈ।

ਫੇਰ ਇਹ, ਮੈਂ ਸਾਰੀ ਉਮਰ, ਪਤਾ ਨਹੀਂ ਤੁਹਾਨੂੰ ਕਈਆਂ ਨੂੰ ਹੈਰਾਨਗੀ ਹੋਏਗੀ, ਮੈਂ ਅਕਾਲੀ ਦਲ ਦਾ ਮੈਂਬਰ ਕਦੇ ਨਹੀਂ ਬਣਿਆ। ਪਰ ਮੈਂ ਜੋ ਕੁਛ ਹੋਇਆ ਦੇਖਦਾ ਹਾਂ, ਜੋ ਕੁਛ ਐਸ ਵੇਲੇ ਹੈ, ਜੋ ਮੇਰੀ ਨਜ਼ਰ, ਮਾੜੀ ਮੋਟੀ ਨਜ਼ਰ ਤਾਂ ਦੇਖਦੀ ਹੈ ਐਵੇਂ ਤਾਂ ਨਹੀਂ ਗੁਆਏ, ਖੋਤੇ ਨਹੀਂ ਚਾਰੇ ਐਨਾ ਚਿਰ !

ਸੋ ਪਿਆਰਿਓ, ਇਹ ਗੁਰੂ ਕੀ ਬਖ਼ਸ਼ਸ਼, ਅਕਾਲੀ ਦਲ, ਬੜੀ ਸਾਂਭ ਕੇ ਰੱਖਣ ਵਾਲੀ ਚੀਜ਼ ਜੇ। ਕੌਣ ਕਹਿ ਰਿਹਾ ਹੈ ? ਚਿਟ-ਪਗੜੀਆ ਬਾਵਾ ਹਰਕ੍ਰਿਸ਼ਨ ਸਿੰਘ। ਖੱਦਰ ਨਹੀਂ ਪਾਇਆ, ਕਾਲੀ ਪੱਗ ਨਹੀਂ, ਕਦੇ ਅਕਾਲੀ ਦਲ ਦਾ ਮੈਂਬਰ ਨਹੀਂ ਬਣਿਆ। ਮੈਂ ਤਾਂ ਕਦੇ ਸ਼ਰੋਮਣੀ ਕਮੇਟੀ ਦੀ ਚੋਣ ਵਾਸਤੇ ਵੀ ਖੜਾ ਨਹੀਂ ਹੋਇਆ। ਇਕ ਵਾਰੀ ਮਾਸਟਰ ਹੋਰਾਂ ਬਦੋ ਬਦੀ, ਦੋ ਸੀਟਾਂ ਖ਼ਾਲੀ ਸਨ, ਇਕ ਉਨ੍ਹਾਂ ਛੱਡਣੀ ਸੀ, ਤੇ ਮੈਨੂੰ ਅੰਮ੍ਰਿਤਸਰ ਦੀ ਓਥੇ, ਉਹ ਬਗ਼ੈਰ ਚੋਣ ਦੇ ਹੋ ਗਈ, ਉਹ ਸੀਟ ਦਿਤੀ। ਨਹੀਂ ਤੇ ਮੈਂ ਸ਼ਰੋਮਣੀ ਕਮੇਟੀ ਲਈ ਕਦੇ ਨਹੀਂ ਖਲੋਤਾ। ਇਹ ਮੈਂ ਕੋਈ ਵਡਿਆਈ ਦੀ ਗੱਲ ਨਹੀਂ ਕਹਿੰਦਾ। ਮੈਂ ਮੁੰਡੇ ਪੜ੍ਹਾਉਣ ਵਾਲਾ, ਮੇਰਾ ਉਹ ਕੰਮ। ਤੇ ਸਰਦਾਰੀਆਂ ਤੁਹਾਨੂੰ ਸੋਭਣ।

ਸੋ ਪਿਆਰਿਓ, ਮੇਰੀ ਬੁੱਧੀ, ਮੇਰੀ ਅੱਖ ਇਹ ਦੇਖਦੀ ਹੈ, ਐਸਾ ਸਮਾਂ ਆ ਸਕਦਾ ਹੈ, ਗੁਰਦੁਆਰੇ ਖੁਸ ਜਾਣ, ਵਜ਼ਾਰਤਾਂ ਟੁਟ ਜਾਣ। ਇਕ ਚੀਜ਼ ਜੇ ਕਾਇਮ ਹੈ ਤਾਂ ਸਿਖ ਦੀ ਤਾਕਤ ਕਾਇਮ ਰਹੇਗੀ–ਉਹ ਹੈ ਅਕਾਲੀ ਦਲ।

ਤੁਸੀਂ ਕਹੋਗੇ, ਕੀ ਗੱਲ ਕਰਦਾ ਹੈ ਅਕਾਲ ਤਖ਼ਤ ਤੇ ? ਸਰਦਾਰ ਹੁਕਮ ਸਿੰਘ ਹੋਰੀਂ ਹੈਰਾਨ ਹੁੰਦੇ ਹੋਣਗੇ ! ਅਕਾਲੀ ਦਲ ਨੂੰ ਸਾਂਭ ਕੇ ਰਖੋਗੇ ਤਾਂ ਸਭ ਚੀਜ਼ ਗਈ ਹੋਈ ਆ ਜਾਏਗੀ, ਕਿਉਂਕਿ, ਹੋਰ ਸ਼ਕਤੀ ਕੀ ? ਦੇਖੋ ਨਾ, ਸ਼ਰੋਮਣੀ ਕਮੇਟੀ ਵੀ ਜਿਸ ਵੇਲੇ ਟੁਟ ਗਈ, ਤੇ ਸ਼ਰੋਮਣੀ ਕਮੇਟੀ ਦੇ ਮੈਂਬਰਾਂ ਦੀ ਤਾਂ ਕੋਈ ਜੱਥੇਬੰਦੀ ਨਹੀਂ। ਜੇ ਵਜ਼ਾਰਤ ਟੁਟ ਗਈ, ਉਹ ਜਿਸ ਪਾਰਟੀ ਦੇ ਹੈਨ, ਉਹ ਕੁਝ ਕਰੇ, ਪਾਰਟੀ ਦੀ ਜਿੱਤ ਹੋਵੇ ਤਾਂ ਉਨ੍ਹਾਂ ਦੀ ਜ਼ਿੱਤ, ਤੇ ਸਿੰਘਾਂ ਦਾ ਚਾਹੇ ਧਾਰਮਕ ਕੰਮ ਹੋਵੇ, ਚਾਹੇ ਰਾਜਸੀ ਹੋਵੇ, ਚਾਹੇ ਕੋਈ ਹੋਰ ਹੋਵੇ। ਦੇਸ਼ ਦੇ ਉਤੇ ਬੜੇ ਬੜੇ ਖ਼ਤਰੇ ਆ ਸਕਦੇ ਨੇ। ਹਾਂ, ਉਸ ਵੇਲੇ ਮਹਾਰਾਜ ਨੇ ਕਿਹਾ–ਹੋਰੁ ਵੀ ਉਠਸੀ ਮਰਦ ਕਾ ਚੇਲਾ ॥‡ ਸਿੰਘ ਦਾ ਖੰਡਾ ਜਿਹੜਾ ਹੈਗਾ, ਅਕਾਲੀ ਦਾ ਖੰਡਾ, ਉਹ ਦੇਸ਼ ਦੀ ਸੇਵਾ ਕਰਨ ਵਾਸਤੇ ਖੜਕੇਗਾ।

ਸੋ ਪਿਆਰਿਓ, ਉਹ ਜਿਹੜੀ ਸਾਰੀ ਸਾਡੀ ਧਾਰਮਕ, ਸਾਡੀ ਰਾਜਸੀ, ਸਾਡੀ ਵਿਦਿਅਕ, ਜਿਹੜੀ ਜ਼ਿੰਦਗੀ ਹੈ, ਉਹ ਹੁਣ ਉਸ ਨੂੰ ਬਲ ਦੇਣ ਵਾਲਾ, ਉਹਨੂੰ ਔਕੜਾਂ ਚੋਂ ਕੱਢਣ ਵਾਲਾ, ਅਕਾਲੀ ਦਲ ਹੀ ਹਸਤੀ ਹੈ ਸਾਡੇ ਕਲ। ਇਹੋ ਹੈ ਇਕ ਪਿਆਰਿਓ ! ਇਹ ਤੁਸੀਂ ਨਹੀਂ ਬਣਾਈ, ਮੈਂ ਨਹੀਂ ਬਣਾਈ।

ਜਿਸ ਤਰ੍ਹਾਂ, ਕਬਜ਼ਾ ਲੈਣ ਨਹੀਂ ਸੀ ਆਏ। ਅਕਾਲੀ ਦਲ ਦਾ ਕੋਈ ਖ਼ਿਆਲ ਹੀ ਨਹੀਂ ਸੀ। ਉਹ ਗੱਲ ਤਾਂ ਇਹ ਹੋਈ, ਕੁਝ ਕਹਿੰਦਿਆਂ ਅਖੇ ਬੁਰਾ ਲਗਦੈ–ਕਿ ਉਹ ਨਿਹੰਗ ਸਿੰਘ ਜਿਹੜੇ ਨੇ, ਉਨ੍ਹਾਂ ਨੇ ਆ ਇਥੇ

† ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭ ‡ ਤਿਲੰਗ ਮ: ੧, ਪੰਨਾ ੭੨੩



www.AKJ.Org

ਕਬਜ਼ਾ ਕੀਤਾ, ਸ਼ੁਰੂ ਦੇ ਦਿਨਾਂ ਵਿਚ। ਉਹ ਕਹਿਣ, ਅਸੀਂ ਅਕਾਲੀ ਹਾਂ। ਅਸੀਂ ਸਾਰਿਆਂ ਰਲ ਮਿਲ ਕੇ ਕਿਹਾ, ਨਹੀਂ। ਅਸੀਂ ਕਿਹਾ, ਓਇ ਐਉਂ ਕਰੋ, ਇਥੇ ਸੇਵਾਦਾਰ ਜਿਹੜੇ ਕੰਮ ਕਰਨ ਵਾਲੇ ਨੇ, ਆਦਮੀ ਤੇ ਤੀਵੀਆਂ, ਤੁਸੀਂ ਵੀ ਦੁਪੱਟੇ ਕਾਲੇ ਉਹ ਰੰਗ ਲਵੋ। ਰੰਗ ਕੇ ਅਕਾਲੀ ਬਣ ਗਏ, ਜਾਹਲੀ ਅਕਾਲੀ। ਉਨ੍ਹਾਂ ਦੇ ਮੂੰਹ ਬੰਦ ਕਰਨ ਵਾਸਤੇ। ਉਹ ਕਹਿੰਦੇ, ਅਕਾਲ ਤਖ਼ਤ ਅਕਾਲੀਆਂ ਦਾ। ਅਕਾਲ ਤਖ਼ਤ ਤਾਂ ਨਾਂ ਹੀ ਨਹੀਂ ਸੀ, ਉਸ ਵੇਲੇ ਅਕਾਲ ਬੁੰਗਾ ਕਹਿੰਦੇ ਸੀ। ਉਨ੍ਹਾਂ ਇਕ ਵਾਰੀ ਹਮਲਾ ਕਰ ਦਿਤਾ ਇਥੇ ਆ ਕੇ। ਕੁਝ ਉਹ ਵੀ ਜ਼ਖ਼ਮੀ ਹੋਏ, ਸਾਡੇ ਵੀ ਹੋਏ। ਸੀ. ਆਈ. ਡੀ. ਦੀ ਸ਼ਰਾਰਤ। ਚਲੋ, ਖ਼ੈਰ!

ਸੋ ਪਿਆਰਿਓ, ਇਹ ਗੱਲ ਠੀਕ ਹੈ, ਮੈਂ ਉਨ੍ਹਾਂ ਵਿਚੋਂ ਹਾਂ, ਜਿਨ੍ਹਾਂ ਇਕ ਲੰਬੀ ਇਤਿਹਾਸ ਦੇ ਵਿਚ ਦੇਖਿਆ ਕਿ ਕਈ ਵਾਰੀ ਅਕਾਲੀ ਦਲ ਬੜਾ ਭਾਰੀ ਖ਼ਤਰਾ ਬਣ ਗਿਆ, ਅਰ ਕਈ ਫ਼ੈਸਲੇ ਗ਼ਲਤ ਹੋਏ, ਕਿਉਂਕਿ ਜਿਹੜੇ ਸ਼੍ਰੋਮਣੀ ਕਮੇਟੀ, ਇਹ ਸਾਰੇ ਕੰਮ ਕਾਜ ਰਾਜਸੀ ਕਰਨ ਵਾਲੇ ਹਨ, ਉਨ੍ਹਾਂ ਨਾਲ ਅਕਾਲੀ ਦਲ ਮਿਲ ਕੇ ਨਹੀਂ ਸੀ ਚਲਦਾ, ਉਨ੍ਹਾਂ ਨੂੰ ਡੇਗਣਾ ਚਾਂਹਦਾ ਸੀ। ਉਹ ਡਰਦੇ ਮਾਰੇ, ਕਿ ਅਸੀਂ ਨਾ ਕੀਤਾ, ਤੇ ਇਸ ਪ੍ਰੋਗਰਾਮ ਨੂੰ, ਇਸ ਕੰਮ ਨੂੰ ਅਕਾਲੀ ਦਲ ਹੱਥ ਵਿਚ ਲੈ ਲਏਗਾ, ਤੇ ਅਸੀਂ ਵਿਚ ਐਵੇਂ ਫਾਡੀ ਰਹਿ ਗਏ। ਉਹ ਆਪਣੀ ਸੋਚਣੀ, ਆਪਣੇ ਵਿਚਾਰ ਦੇ ਵਿਰੁਧ ਹੋ ਕੇ, ਅਕਾਲੀ ਦਲ ਦੇ ਪ੍ਰੈਸ਼ਰ (ਦਬਾਅ) ਦੇ ਹੇਠ ਆ ਕੇ ਕਈ ਫ਼ੈਸਲੇ ਹੋਏ। ਉਸ ਵੇਲੇ, ਮੈਂ ਕਹਿੰਦਾ ਹਾਂ, ਅਕਾਲੀ ਦਲ ਖ਼ਤਰਾ ਬਣ ਗਿਆ।

ਅਕਾਲੀ ਦਲ ਸਿਰਫ਼ ਸੇਵਾ ਵਾਸਤੇ ਹੈ। ਇਸ ਨੂੰ ਉਹ ਪਦਵੀ ਮਿਲੀ ਜਿਹੜੀ ਕਿਸੇ ਨੂੰ ਨਹੀਂ ਮਿਲੀ। ਇਹ ਸੇਵਾ ਕਰਦਾ ਤੇ ਸੇਵਾ ਕਰਾਉਂਦਾ ਹੈ। ਇਹ ਸੇਵਕ ਪੈਦਾ ਕਰਦਾ ਹੈ ਅਤੇ ਸੇਵਕਾਂ ਨੂੰ ਜੀਵਾਂਦਾ ਹੈ। ਇਹ ਸੇਵਕਾਂ ਨੂੰ ਬਲ ਦੇਂਦਾ ਹੈ। ਇਹੋ ਕੰਮ ਹੈ ਇਸ ਦਾ।

ਸੋ ਪਿਆਰਿਓ, ਅਕਾਲੀ ਦਲ ਨੂੰ ਕਾਇਮ ਰਖਣਾ, ਅਕਾਲੀ ਦਲ ਤੇ ਮਿਹਨਤ ਕਰ ਕੇ ਚੰਗੇ ਆਦਮੀ ਪਾਣਾ, ਅਕਾਲੀ ਦਲ ਦੇ ਹੈੱਡ ਕਿਸੇ ਗੁਰੂ ਕੇ ਲਾਲ ਨੂੰ ਬਣਾਣਾ, ਜਿਸ ਨੂੰ ਨਾ ਕੋਈ ਖ਼ਰੀਦ ਸਕੇ, ਨਾ ਕੋਈ ਉਸ ਨੂੰ ਡਰਾ ਸਕੇ। ਉਹ ਗੁਰੂ ਕਾ ਸੂਰਮਾ, ਉਹ ਦਰਬਾਨ ਹੈ ਪੰਥ ਦਾ। ਹੋਰ ਉਹਨੂੰ ਕੀ ਚਾਹੀਦੈ?

ਸੋ ਪਿਆਰਿਓ, ਇਕ ਸਾਧ ਸੰਗਤ ਧਰਮਸਾਲ ਦੇ ਵਿਚ, ਇਕ ਜਿਹੜੀਆਂ ਰੀਤੀਆਂ ਨੇ, ਗੁਰੂ ਗਰੀਬ-ਨਿਵਾਜ ਨੇ, ਕਈ ਪਾਤਸ਼ਾਹੀਆਂ ਨੇ, ਇਕੱਠੀਆਂ ਕੀਤੀਆਂ। ਇਹ ਮਹਾਰਾਜ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਇਹ ਵਾਕ, ਕੀਰਤਨ, ਇਹ ਕਥਾ ਵਖਿਆਨ, ਇਹ ਗੋਸ਼ਟ, ਇਹ ਸੇਵਾ, ਇਹ ਲੰਗਰ, ਇਹ ਜੋੜਿਆਂ ਦੀ, ਇਹ ਕਿਆ ਕਹੀਏ, ਬੇਨਜ਼ੀਰ, ਔਰ ਕਹੀਂ ਦੇਖਨੇ ਮੇਂ ਨਹੀਂ ਆਏਗੀ।

ਸੋ ਸਾਹਿਬ ਸੱਚੇ ਪਾਤਸ਼ਾਹ! ਮਿਹਰ ਕਰੀਂ, ਆਗੂਆਂ ਨੂੰ ਮਦਦ ਕਰੀਂ, ਅਗਵਾਈ ਕਰੀਂ।

ਪਰ ਪਿਆਰਿਓ, ਸਾਨੂੰ ਵੀ ਸੁਮੱਤ ਦੇਵੇ। ਓਇ ਆਗੂਆਂ ਨੂੰ ਕੰਮ ਵੀ ਤਾਂ ਕਰਨ ਦਿਓ! ਜਿਸ ਆਗੂ ਦੇ ਹੱਥ ਪੈਰ ਬੰਨ੍ਹ ਦਿਓਗੇ ਉਹ ਕੀ ਕੰਮ ਕਰੇਗਾ? ਫੇਰ ਜੇ ਤੁਸੀਂ ਅਭੁਲ ਨਹੀਂ ਤੇ ਮੈਂ ਅਭੁਲ ਨਹੀਂ, ਤੇ ਜਿਹੜੇ ਕੰਮ ਕਰਨ ਵਾਲੇ ਨੇ, ਇਹ ਅਭੁੱਲ ਬਣ ਗਏ? ਉਨ੍ਹਾਂ ਤੋਂ ਵੀ ਭੁੱਲਾਂ ਹੋਣਗੀਆਂ। ਮੈਂ ਇਹ ਨਹੀਂ ਕਹਿ ਰਿਹਾ ਕਿ ਬੇਈਮਾਨ ਆਦਮੀਆਂ ਦੇ, ਜਿਹੜੇ ਕਿ ਹੈਨ, ਹੱਥ-ਠੋਕਾ ਬਣ ਜਾਵੋ। ਮੇਰੀ ਗੱਲ ਨੂੰ ਪ੍ਰੇਮ ਨਾਲ ਸਮਝਣ ਦੀ ਕੋਸ਼ਿਸ਼ ਕਰੋ, ਆਪਣੇ ਜਿਹੜੇ ਲੀਡਰ ਨੇ, ਉਨ੍ਹਾਂ ਦੀ ਮਦਦ ਕਰੀਏ, ਮਸਲਨ ਮੈਂ ਹੁਣ ਕਹਿੰਦਾ ਤਾਂ ਸੰਗਦਾ ਹਾਂ, ਪਈ ਮੇਰੇ ਦਿਲ ਨੂੰ ਬੜੀ ਖ਼ੁਸ਼ੀ ਹੁੰਦੀ ਹੈ, ਐਸ ਵੇਲੇ ਸਿੰਘਾਂ ਦੇ ਕੰਮ-ਓਇ ਯੂਨੀਵਰਸਿਟੀਆਂ ਬਣ ਗਈਆਂ, ਭਾਵੇਂ ਖਪ-ਖੁਪ ਹੀ ਪੈਂਦੀ ਹੈ, ਯੇਹ ਹੈ ਵੋਹ ਹੈ, ਸਾਰਿਆਂ ਦੇ ਹੈਗੀ ਹੀ ਹੈ।

ਸੋ ਭਰਾਵੋ, ਜਿਸ ਤਰ੍ਹਾਂ ਸ਼੍ਰੋਮਣੀ ਕਮੇਟੀ ਵਾਲਿਆਂ ਵਲੋਂ, ਤੁਹਾਡਾ ਖ਼ਿਆਲ ਏ ਕਿ ਮੈਂ ਕੋਈ ਅੰਨ੍ਹਾਂ? ਸਾਨੂੰ ਪਤਾ ਨਹੀਂ, ਜੋ ਕੁਝ ਹੁੰਦਾ ਰਿਹੈ ਪਿਛੇ ਜਿਹੇ? ਅਤੇ ਜੋ ਕੁਝ ਹੋ ਸਕਦੈ? ਅਤੇ ਕੀ ਕਰੀਏ? ਤੁਹਾਨੂੰ ਬਣਾ ਦਈਏ ਗੁਰਦਵਾਰਿਆਂ ਦਾ ਇਨਚਾਰਜ? ਮੈਨੂੰ ਬਣਾ ਦੇਣ ਇਕੱਲੇ ਨੂੰ ਡਿਕਟੇਟਰ? ਕਾਨੂੰਨ ਜੁ ਹੋਇਆ! ਚੋਣਾਂ ਹੋਣੀਆਂ ਹੋਈਆਂ! ਤੇ ਚੋਣਾਂ ਦਾ ਫਿਟੇ ਮੂੰਹ! ਪਰ ਚੋਣਾਂ ਬਿਨਾਂ ਗੁਜ਼ਾਰਾ ਵੀ ਨਹੀਂ। ਇਹ ਹੁਣ ਚੋਣ ਹੀ


www.AKJ.org

ਕਹਿੰਦੇ ਨੇ ਕਿ ਯਾਰ੍ਹਾਂ ਸਾਲ ਹੋ ਗਏ ਨੇ, ਕਰਾਂਦੀ ਨਹੀਂ ਸਰਕਾਰ। ਦੇਖੋ, ਗੱਲ ਸੋਚਣ ਵਾਲੀ ਏ, ਚੋਣ ਕਰਾਣ ਵਿਚ ਕੁਝ ਸਮਝਦੇ ਹੋਣੇ ਨੇ। ਉਨ੍ਹਾਂ ਨੂੰ ਕੁਝ ਭਾਉਂਦਾ ਈ ਨਹੀਂ, ਤਾਂ ਹੀ ਨਹੀਂ ਨਾ ਕਰਾਂਦੇ। ਅਸੀਂ ਤਾਂ ਕਹਿੰਦੇ ਹਾਂ, ਕਰਾਓ।

ਸੋ ਪਿਆਰਿਓ, ਬੜਾ ਮੁਸ਼ਕਲ ਕੰਮ ਹੈ, ਗੁਰਦੁਆਰਿਆਂ ਦਾ ਪਰਬੰਧ ! ਤੌਬਾ ਤੌਬ ! ਮੈਂ ਇਸੇ ਕਰਕੇ ਖੜਾ ਨਹੀਂ ਸਾਂ ਹੁੰਦਾ। ਨਰਮ ਜਿਹਾ ਆਦਮੀ ਹਾਂ। ਤੇ ਨਾਲੇ ਗੁਰੂ ਦੀ ਫ਼ੌਜ ਦੇ ਵਿਚ ਕੋਈ ਅਟੰਕ ਵੀ ਚਾਹੀਦੇ। ਹਾਂ, ਉਹ ਅਟੰਕ ਬੜਾ ਕੰਮ ਕਰਦੇ ਨੇ। ਉਨ੍ਹਾਂ ਦੀ ਜਿਹੜੀ ਵਿਚਾਰ-ਦ੍ਰਿਸ਼ਟੀ ਜੋ ਵੇਖਦੇ ਨੇ, ਉਹ ਦੂਸਰਿਆਂ ਨਾਲੋਂ ਜ਼ਰਾ ਕੁ ਵਖਰੀ ਹੁੰਦੀ ਹੈ ਤੇ ਉਹ ਲੀਡਰਾਂ ਦੇ ਕੰਮ ਆਉਂਦੀ ਹੈ। ਇਹ ਮੈਨੂੰ ਇਕੱਲੇ ਨੂੰ, ਮੇਰਾ ਕੋਈ ਧੜਾ ਨਹੀਂ ਸੀ, ਪਰ ਮੈਨੂੰ ਇਕੱਲੇ ਨੂੰ ਇਹ ਸਾਰੇ ਪਿਆਰ ਕਰਦੇ ਰਹੇ, ਕਈ ਵੇਰ ਬੁਲਾਂਦੇ ਰਹੇ। ਉਹ ਇਸ ਕਰਕੇ, ਉਹ ਦੇਖਣਾ ਸੁਣਨਾ ਚਾਹੁੰਦ ਸਨ ਕਿ ਅਟੰਕ ਆਦਮੀ ਕੀ ਵਿਚਾਰ ਕਰਦਾ ਹੈ, ਅਟੰਕ ਆਦਮੀ ਸਾਡੀ ਕੀ ਮਦਦ ਕਰ ਸਕਦਾ ਹੈ। ਉਹ ਅਟੰਕਤਾ ਜਿਹੜੀ ਹੈ ਇਹ ਵੀ ਇਕ, ਕੌਮਾਂ ਵਿਚ ਹੁੰਦੀ ਹੈ। ਮੈਂ ਇਕ ਗੱਲ ਕਰਦਾਂ, ਉਹ ਜਿਹੜਾ ਸਭ ਤੋਂ ਵਡਾ ਹੈ ਐਸ ਵੇਲੇ, ਸ਼ਕਤੀ ਜੇਹੀ, ਹਿੰਦੁਸਤਾਨ ਦੀ ਰਾਜਸੀ–ਜੈ ਪ੍ਰਕਾਸ਼ ਨਰਾਇਣ, ਉਹ ਅਟੰਕ ਹੈ। ਅਰ ਉਸ ਦਾ ਸਾਰਾ ਅਸਰ ਹੈ, ਭਾਰ ਹੈ, ਉਸ ਦੀ ਅਟੰਕਤਾ ਕਰਕੇ। ਤੇ ਜਿਹੜੇ ਅਟੰਕ ਹਨ, ਭਾਂਗੇ ਘੋਟ ਕੇ ਪੀਣ ਵਾਲੇ ਨਿਹੰਗ ਸਿੰਘ ਮੇਰੇ ਵਰਗੇ, ਉਨ੍ਹਾਂ ਨੂੰ ਵੀ ਜ਼ਰਾ ਜਿਗਰੇ ਨਾਲ ਸਹਾਰ ਲਿਆ ਕਰੋ। ਉਨ੍ਹਾਂ ਨੂੰ ਵੀ ਜੀਣ ਦਿਓ. ਉਨ੍ਹਾਂ ਨੂੰ ਵੀ ਆਪਣੇ ਸੇਵਕ ਸਮਝੋ।

ਅਛਾ ਪਿਆਰਿਓ, ਸਭ ਕੁਛ ਹੋਇਗਾ, ਜੇ ਅਕਾਲੀ ਦਲ ਜੀਉਂਦਾ ਰਹੇ। ਅਕਾਲੀ ਦਲ, ਜੋ ਉਹਦਾ ਕੰਮ ਹੈ, ਉਹ ਕਰੇ। ਤੇ ਜੇ ਅਸੀਂ ਕੰਮ ਕਰਨ ਵਾਲਿਆਂ ਨੂੰ ਕੰਮ ਕਰਨ ਦੇਈਏ, ਉਨ੍ਹਾਂ ਨਾਲ ਪਿਆਰ ਮੁਹੱਬਤ ਕਰੀਏ।

ਹੁਣ ਮੈਂ ਤੁਹਾਨੂੰ ਆਪਣੇ ਹਿਰਦੇ ਦੀ ਗੱਲ ਦਸਦਾਂ। ਮੈਂ ਗੱਲ ਕਰਦਾਂ, ਪਰ ਐਨੇ ਸਾਲਾਂ ਦਾ ਸਭ ਕੁਝ ਦੇਖ-ਦਿਖਾ ਕੇ ਜੇ ਕਿਤੇ ਅਜ ਰਾਤ ਨੂੰ ਵੀ ਪ੍ਰਾਣ ਨਿਕਲ ਜਾਣ, ਮੈਨੂੰ ਇਕ ਬੜੀ ਖੁਸ਼ੀ ਹੋਵੇਗੀ ਕਿ ਪੰਥ ਦਾ ਬੜਾ ਪਰਤਾਪ ਦੇਖਿਐ। ਜੋ ਸ਼ਰੋਮਣੀ ਕਮੇਟੀ ਦੀ ਅਧੋਗਤੀ ਪਿਛੇ ਜਿੰਨੇ ਤਕ ਹੋ ਚੁਕੀ ਹੈ, ਤੁਸੀਂ ਵੀ ਦੇਖੀ, ਮੈਂ ਵੀ ਦੇਖੀ–ਸ਼ਾਇਦ ਮੈਂ ਜ਼ਿਆਦਾ ਸਮਝਦਾ ਸਾਂ ਪੁਰਾਣਾ ਹੋਣ ਕਰਕੇ। ਸ਼ਰੋਮਣੀ ਕਮੇਟੀ ਦਾ ਕੰਮ ਜਿੰਨੇ ਚਿਕਰ ਭੁਲੜ ਬੰਦਾ ਕਰਨ ਵਾਲਾ ਹੈ, ਕਾਫ਼ੀ ਕੁਝ ਤੁਹਾਡੇ ਸੇਵਕ, ਮੈਂ ਨਾਂ ਨਹੀਂ ਲੈਂਦਾ, ਮੈਂ ਕੀ ਲੈਣਾ ਟੋਹੜਾ ਸਾਹਿਬ ਤੋਂ ਜਾਂ ਕਿਸੇ ਹੋਰ ਤੋਂ ? ਤੇ ਇਕੱਲੇ ਟੋਹੜਾ ਸਾਹਿਬ ਲੈ ਲਓ, ਉਹ ਕੀ ਕਰ ਸਕਦੇ ਨੇ ? ਤੇ ਫਿਰ ਤੁਹਾਡੇ ਸੇਵਕ ਰਾਜਸੀ ਕੰਮ ਸੋਹਣਾ ਕਰਦੇ ਨੇ, ਬੜੀ ਸਿਆਣਪ ਨਾਲ।

ਪਿਆਰਿਓ, ਅਸੀਂ ਰਾਜਸੀ ਤਾਕਤ ਚਾਹਨੇ ਆਂ। ਐਵੇਂ ਨਹੀਂ ਕਹਿੰਦੇ ਫਿਰਨਾ, ਮਹਾਰਾਜ, ਮੋਹ ਮਾਇਆ, ਮੋਹ ਮਾਇਆ, ਚਲ ਓਇ, ਮੋਹ ਮਾਇਆ ! ਅਖੇ ਜੀ ਇਹ, ਇਹ ਮਾੜੇ ਨੇ। ਤੇ ਦੂਏ ਚੰਗੇ ਨੇ ? ਜੇ ਚੋਰਾਂ ਦਾ ਰਾਜ ਹੋਣੈ ਤਾਂ ਹਿੰਦੂ ਚੋਰ ਦੇ ਨਾਲ ਸਿਖ ਚੋਰ ਵੀ ਮਿਲੇ ਹੋਏ ਸਨ। ਮੈਂ ਇਹ ਐਵੇਂ ਜ਼ਰਾ ਜੋਸ਼ ਨਾਲ ਗੱਲ ਕਹੀ ਹੈ। ਮੇਰਾ ਮਤਲਬ ਇਹ ਹੈ ਕਿ, ਕੋਈ ਸਾਡੇ ਹੀ ਰਾਜਸੀ ਆਦਮੀ ਚੋਰ ਨੇ ? ਪੰਜਾਬ ਦੇ ਰਾਜਸੀ ਕੰਮ ਹਨ, ਭਾਈ, ਹੋਰਨਾਂ ਨਾਲੋਂ, ਦੂਜਿਆਂ ਨਾਲੋਂ, ਕੋਈ ਮਾੜੇ ਨਹੀਂ, ਚੰਗੇ ਹੀ ਨੇ। ਹੈਂ ! ਪਈ ਸਾਡਾ ਉਹ ਬਰਨਾਲਾ ਸਾਹਿਬ, ਬੜੀ ਸੋਭਾ ਪਾਈ ਹੈ।

ਸੋ ਭਰਾਵੋ, ਪਹਿਲੋਂ ਆਪਣਾ ਘਰ ਸੋਧ ਲਈਏ। ਉਹ ਕਿਹੜਾ ? ਇਹ ਵਿਦਿਆ ਦਾ। ਫਿਟੇ ਮੂੰਹ ਸਾਡਾ ਟੀਚਰਾਂ ਦਾ। ਮੈਂ ਕਹਿ ਸਕਦਾ ਹਾਂ, ਕਿਉਂਕਿ ਮੈਂ ਸਾਰੀ ਉਮਰ ਆਪ ਟੀਚਰ ਰਿਹਾਂ। ਮੈਂ ਆਪਣੇ ਆਪ ਨੂੰ ਫਿਟੇ ਮੂੰਹ ਕਹਿਨਾਂ। ਉਹ ਜੋ ਕੁਝ ਖਲਜਗਣੀ ਸੀ, ਸਾਡੇ ਕਾਲਜ, ਸਾਡੀਆਂ ਯੂਨੀਵਰਸਿਟੀਆਂ, ਸਾਡੇ ਹੋਰ ਅਦਾਰੇ, ਇਹ ਮੰਦੇ ਹਾਲ ਨੇ। ਮੈਂ ਕੀ ਦੱਸ ਸਕਦਾ ਹਾਂ, ਕਿਵੇਂ ਉਨ੍ਹਾਂ ਦਾ ਸੁਧਾਰ ਹੋਵੇ। ਮੈਂ ਕੋਈ ਡਾਕਟਰ ਨਹੀਂ।

ਕਈ ਵਾਰੀ ਬੜੇ ਸਜਣਾਂ ਨੇ ਪਿਆਰ ਦੇ ਨਾਲ ਪਿਛਲੇ ਦਸ ਪੰਦਰ੍ਹਾਂ ਵੀਹ ਸਾਲ ਪਹਿਲਾਂ ਵੇਹਲੇ ਹੋ ਕੇ ਮੈਨੂੰ ਮਿਲਣਾ ਤੇ ਕਹਿਣਾ ਕਿ ਬਾਵਾ ਜੀ, ਬੜੀ ਅਧੋਗਤੀ ਜੇ ਗੁਰਦਵਾਰਿਆਂ ਦੀ, ਕੋਈ ਦਸੋ ਉਪਾਅ।



www.AKJ.Org

ਮੈਂ ਕਿਹਾ, "ਮੇਰੇ ਪਾਸ ਕੋਈ ਉਪਾਅ ਨਹੀਂ।" "ਤੁਸਾਂ ਬੜਾ ਕੁਝ ਦੇਖਿਐ।" ਮੈਂ ਕਿਹਾ, "ਇਸੇ ਕਰਕੇ ਕਹਿਨਾਂ।" "ਫਿਰ ਕੀ ਹੋਵੇਗਾ?" "ਮੈਂ ਨਹੀਂ ਕੁਛ ਕਹਿ ਸਕਦਾ। ਸਿੱਖਾਂ ਦੀ ਕਿਸਮਤ ਅੱਛੀ ਹੋਈ ਤਾਂ ਗੁਰੂ ਕਲਾ ਵਰਤਾਏਗਾ। ਜਿਸ ਤਰੀਕੇ ਨਾਲ ਪਹਿਲਾਂ ਗੁਰਦੁਆਰੇ ਲਏ, ਉਸ ਤਰੀਕੇ ਨਾਲ ਨਾ ਹੁਣ ਸੁਧਾਰ ਕੀਤਾ ਜਾ ਸਕਦਾ ਹੈ ਤੇ ਨਾ ਅਸਾਂ ਕਰਨੈਂ। ਕਿਉਂਕਿ ਮੁੜ ਕੇ ਉਹੋ ਹਾਲਤ ਹੋਏਗੀ।" "ਇਹ, ਫਿਰ ਕੀ ਬਣੇਗਾ?" ਮੈਂ ਕਿਹਾ, "ਕਿਸੇ ਨੂੰ ਕੁਝ ਨਹੀਂ ਕਹਿ ਸਕਦਾ। ਗੁਰਦਵਾਰਿਆਂ ਦੇ ਧਾਨ ਤੋਂ ਬਚਣਾ, ਧਰਮ-ਸਾਲ ਦੀ ਝਾਕ ਤੋਂ ਬਚਣਾ ਭਾਈ ਗੁਰਦਾਸ ਜੀ ਨੇ ਕਿਹਾ ਹੈ। ਖ਼ੈਰ, ਜਿੰਨਾ ਚਿਰ ਹੈਨ, ਭਾਈ ਮੇਰੇ ਨਾਲੋਂ ਚੰਗਾ ਕਰਦੇ ਨੇ। ਗੁਰੂ ਇਨ੍ਹਾਂ ਨੂੰ ਹੋਰ ਸਮਰਥਾ ਦੇਵੇ, ਹੋਰ ਦੇਵੇ, ਤੇ ਸਾਨੂੰ ਵੀ ਦੇਵੇ ਸੇਵਕਾਂ ਨੂੰ ਕੁਝ ਮਦਦ ਕਰਨ ਲਈ।" 'ਵਾਹਿਗੁਰੂ'!

ਸੱਚੇ ਪਾਤਸ਼ਾਹ! ਮੈਂ ਇਨ੍ਹਾਂ ਨੂੰ ਜ਼ੋਰ ਦੇ ਕੇ ਕਹਿ ਕੇ ਆਇਆ ਸੀ, ਹੁਕਮ ਸਿੰਘ ਹੋਰਾਂ ਨੂੰ, ਮੈਨੂੰ ਜ਼ੋਰ ਨਾ ਦੇਈਂ ਬੋਲਣ ਦਾ, ਤੇ ਮੈਂ ਤਾਂ ਕਿੰਨਾ ਕੁਛ ਬੋਲ ਗਿਆ ਹਾਂ! ਪਰ ਬੋਲਿਆਂ ਦਿਲ ਦੇ ਉਮਾਹ ਚਿ। ਤੇ ਬੋਲਣ ਵਿਚ ਗਲਤੀਆਂ ਵੀ ਕੀਤੀਆਂ ਹੋਣਗੀਆਂ। ਗੱਲ ਜਿਹੜੀ ਮੈਂ ਕੀਤੀ ਹੈ, ਪਤ ਦੀ ਕੀਤੀ ਹੈ। ਉਹ ਸਾਡੇ ਲੀਡਰਾਂ ਦੀ ਵਿਚਾਰਨ ਵਾਲੀ ਹੈ। ਵਾਹ ਸੱਚੇ ਪਾਤਸ਼ਾਹ! ਵਾਹ!!

ਹਮ ਕੂਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ* ॥

ਮੈਂ ਬਹੁਤ ਬਹੁਤ ਮਾਫ਼ੀ ਮੰਗਦਾ ਹਾਂ। ਸਮਾਂ ਵੀ ਲਿਆ, ਬੋਲਿਆ ਵੀ ਬਹੁਤ। ਬਹੁਤਾ ਬੋਲੀਦੇ ਤਾਂ ਕੁਝ ਕੁਚੱਜੇ ਲਫ਼ਜ਼ ਵੀ ਮੂੰਹੋਂ ਨਿਕਲ ਜਾਂਦੇ ਹਨ। ਉਹ ਫਿਰ ਪਤਾ ਨਹੀਂ ਮਨਾ–

'ਅਮੀਰ' ਜਮ੍ਹਾ ਹੈ ਅਹਿਬਾਬ, ਹਾਲੇ ਦਿਲ ਕਹਿ ਲੇ।
ਫਿਰ ਇਤਫ਼ਾਕ ਦਿਲੇ ਨਾ-ਤਵਾਂ, ਰਹੇ ਨਾ ਰਹੇ।†

ਓਇ ਮਨਾ! ਕਦ ਕਦ ਪੰਥ ਅਕਾਲ ਤਖ਼ਤ ਤੇ ਇਕੱਠਾ ਹੋਇਆ ਹੋਵੇਗਾ! ਅਤੇ ਤੂੰ ਉਹਦੇ ਚਰਨਾਂ ਵਿਚ ਖਲੋ ਕੇ ਕੂਕ ਮਾਰਨ ਜੋਗਾ ਹੋਵੇਂਗਾ! ਸ਼ੁਕਰ ਕਰ ਤੇ ਗੁਰੂ ਦੀ ਸੰਗਤ ਦਾ ਧੰਨਵਾਦ ਕਰ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ ॥
ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।
ਮੈਂ ਅਪਨਾ ਸੁਤ ਤੁਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕਉ ਸਾਜਾ।
ਜਹਾ ਤਹਾ ਤੈ ਧਰਮੁ ਚਲਾਇ। ਕੁਬੁਧਿ ਕਰਨ ਤੇ ਲੋਕ ਹਟਾਇ।
ਠਾਢ ਭਇਓ ਮੈ ਜੋਰ ਕਰ, ਬਚਨ ਕਹਾ ਸਿਰ ਨਿਆਇ ॥
ਪੰਥ ਚਲੈ ਤਬ ਜਗਤ ਮਹਿ, ਜਬ ਤੁਮ ਕਰੋ ਸਹਾਇ ॥
ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

---

* ਰਾਮਕਲੀ ਕਬੀਰ ਜੀਉ, ਪੰਨਾ ੯੬੯

† ਹੇ ਅਮੀਰ! ਜਿਗਰੀ ਦੋਸਤ ਇਕੱਠੇ ਹੋਏ ਹਨ, ਇਨ੍ਹਾਂ ਮੂਹਰੇ ਆਪਣੇ ਦਿਲ ਦਾ ਹਾਲ ਕਹਿ ਲੈ। ਹੇ ਮੇਰੇ ਕਮਜ਼ੋਰ ਦਿਲ, ਫਿਰ ਇਹ ਮੌਕਾ ਬਣੇ ਜਾਂ ਨਾ ਬਣੇ।


## ਸਮਾਗਮਾਂ ਤੇ 'ਸੂਰਾ' ਸਟਾਲ ਦੇ ਨਾਲ ਖ਼ਾਲਸਾ ਕਕਾਰ

ਕੀਰਤਨ ਸਮਾਗਮਾਂ ਸਮੇਂ 'ਸੂਰਾ' ਸਟਾਲ ਦੇ ਨਾਲ ਹੀ ਖ਼ਾਲਸਈ ਕਕਾਰ ਕੰਘੇ, ਕੜੇ, ਕਛਹਿਰੇ, ਕਿਰਪਾਨਾਂ ਤੇ ਕੇਸਕੀਆਂ ਆਦਿ ਯੋਗ ਰੇਟਾਂ ਤੇ ਦੇਣ ਲਈ ਭਾਈ ਬਲਵੰਤ ਸਿੰਘ ਜੀ ਖ਼ਾਲਸਾ ਫੀਰੋਜ਼ਪੁਰ ਨੂੰ ਸੇਵਾ ਸੌਂਪੀ ਹੋਈ ਹੈ, ਤਾਂ ਜੁ ਦੂਜੇ ਦੁਕਾਨਦਾਰਾਂ ਦੀ ਲੁਟ-ਘਸੁਟ ਤੋਂ ਸੰਗਤਾਂ ਬਚ ਸਕਣ।



www.AKJ.org

# ਸ੍ਰੀ ਅਕਾਲ ਤਖ਼ਤ ਧੀਆਂ ਭੈਣਾਂ ਦੀ ਇੱਜ਼ਤ ਦਾ ਜ਼ਾਮਨ

ਅੰਮ੍ਰਿਤਸਰ ਦੀਆਂ ਦੋ ਬੀਬੀਆਂ—ਬੀਬੀ ਗੁਰਦੇਵ ਕੌਰ ਅਤੇ ਗੁਰਮੀਤ ਕੌਰ ਉਤੇ ਬਟਾਲਾ ਦੇ ਐਸ. ਪੀ. ਗੋਬਿੰਦ-ਰਾਮ ਨੇ ਜੋ ਅੰਨ੍ਹਾ ਤਸ਼ੱਦਦ ਕੀਤਾ, ਉਸ ਨੂੰ ਵੇਖ ਸੁਣ ਕੇ ਸਾਰਾ ਪੰਜਾਬ ਤ੍ਰਾਹ ਤ੍ਰਾਹ ਕਰ ਉਠਿਆ। ਬੀਬੀ ਗੁਰਦੇਵ ਕੌਰ ਨੂੰ ਤਾਂ ਬੇ-ਅੰਤਹਾ ਮਾਰ-ਕੁਟ ਮਗਰੋਂ ਰਿਹਾ ਕਰ ਦਿਤਾ ਗਿਆ,ਪਰ ਬੀਬੀ ਗੁਰਮੀਤ ਕੌਰ ਨੂੰ ਅਧਮੋਇਆ ਕਰ ਕੇ, ਉਸ ਵਿਰੁਧ ਕੋਈ ਧਾਰਾ ਲਾ ਕੇ ਕੇਸ ਦਰਜ ਕਰ ਦਿਤਾ ਗਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਪ੍ਰੋ:ਦਰਸ਼ਨ ਸਿੰਘ ਜੀ ਵਲੋਂ ਹਜ਼ਾਰਾਂ ਸੰਗਤਾਂ ਦੇ ਨਾਲ 1-9-89 ਨੂੰ ਇਸ ਸੰਬੰਧ ਵਿਚ ਬਟਾਲਾ-ਪੁਲਿਸ ਥਾਣੇ ਦਾ ਘੇਰਾਓ ਕੀਤਾ ਗਿਆ ਤੇ ਘੇਰਾਓ ਦੀ ਸਮਾਪਤੀਤੋਂ ਪਹਿਲਾਂ ਇਹ ਐਲਾਨ ਨਾਲ ਹੀ ਕਰ ਦਿਤਾ ਗਿਆ ਕਿ ਜੇ ਹੇਠ ਲਿਖੀਆਂ ਤਿੰਨ ਮੰਗਾਂ 7-9-89 ਤਕ ਨਾ ਮੰਨੀਆਂ ਗਈਆਂ ਤਾਂ ਉਹ ਮਾਨਵ-ਹਿਤੈਸ਼ੀ ਵਿਅਕਤੀਆਂ ਦੀ ਵਡੀ ਸੰਖਿਆ ਨਾਲ 8-9-89 ਨੂੰ ਪੰਜਾਬ ਦੇ ਰਾਜਪਾਲ ਦਾ ਘੇਰਾਓ ਕਰਨਗੇ।

(1) ਬੀਬੀ ਗੁਰਮੀਤ ਕੌਰ ਦੀ ਰਿਹਾਈ ਕੀਤੀ ਜਾਵੇ।
(2) ਸਰਕਾਰੀ ਹੁਕਮਾਂ ਦੀ ਉਲੰਘਣਾ ਦੇ ਦੋਸ਼ੀ ਗੋਬਿੰਦ ਰਾਮ ਨੂੰ ਯੋਗ ਸਜ਼ਾ ਦਿਤੀ ਜਾਵੇ।
(3) ਸਰਕਾਰ ਭਰੋਸਾ ਦਿਵਾਏ ਕਿ ਅਗੋਂ ਹੋਰ ਕਿਸੇ ਸਿਖ ਬੀਬੀ ਨੂੰ ਪੁਛ ਗਿਛ ਲਈ ਥਾਣਿਆਂ ਵਿਚ ਨਹੀਂ ਲਿਜਾਇਆ ਜਾਵੇਗਾ।

ਧਰਮ ਦੀ ਗਰਜ ਸੁਣ ਕੇ ਸਰਕਾਰ ਹਿੱਲ ਗਈ ਤੇ ਉਪਰੋਕਤ ਤਿੰਨੇ ਹੀ ਮੰਗਾਂ ਸਵੀਕਾਰ ਕਰ ਲਈਆਂ ਗਈਆਂ। ਬੀਬੀ ਗੁਰਮੀਤ ਕੌਰ ਵਿਰੁਧ ਨਜਾਇਜ਼ ਕੇਸ ਵਾਪਸ ਲੈ ਕੇ, ਉਸ ਨੂੰ ਰਿਹਾ ਕੀਤਾ ਗਿਆ। ਗੋਬਿੰਦ ਰਾਮ ਨੂੰ ਮੁਢਲੀ ਇਨਕੁਆਰੀ ਵਿਚ ਦੋਸ਼ੀ ਗਰਦਾਨ ਕੇ ਬਟਾਲਾ ਤੋਂ ਤਬਦੀਲ ਕਰ ਕੇ ਪੀ.ਏ.ਪੀ. ਭੇਜ ਦਿਤਾ ਗਿਆ। ਸਰਕਾਰ ਨੇ ਐਲਾਨ ਕੀਤਾ ਕਿ ਅਗੇ ਤੋਂ ਕਿਸੇ ਸਿਖ ਬੀਬੀ ਨੂੰ ਪੁਛ ਗਿਛ ਲਈ ਥਾਣਿਆਂ ਵਿਚ ਨਹੀਂ ਲਿਜਾਇਆ ਜਾਵੇਗਾ। ਵਡੀ ਗਿਣਤੀ ਵਿਚ ਸਿਖ ਬੀਬੀਆਂ ਥਾਣਿਆਂ ਵਿਚੋਂ ਛਡ ਦਿਤੀਆਂ ਗਈਆਂ। ਉਪਰੋਕਤ ਤੱਥਾਂ ਦੀ ਰੋਸ਼ਨੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਜੀ ਨੇ 8-9-89 ਦੇ ਘੇਰਾਓ ਦਾ ਪ੍ਰੋਗਰਾਮ ਮੁਲਤਵੀ ਕਰਦੇ ਹੋਇਆਂ ਸਰਕਾਰ ਨੂੰ ਮੁਹਲਤ ਦਿਤੀ ਕਿ ਉਹ ਪੰਜਾਬ ਦੇ ਸਿਖ ਪਰਵਾਰਾਂ ਉਤੇ ਨਜਾਇਜ਼ ਤਸ਼ੱਦਦ ਅਤੇ ਫਰਜ਼ੀ ਪੁਲਸ-ਮੁਕਾਬਲੇ ਤੁਰਤ ਬੰਦ ਕਰੇ, ਨਹੀਂ ਤਾਂ ਉਹ ਕਿਸੇ ਵਡੇ ਐਕਸ਼ਨ ਲੈਣ ਤੇ ਮਜਬੂਰ ਹੋ ਜਾਣਗੇ।

ਕੁਝ ਗ਼ਰਜ਼-ਗ੍ਰਸਤ ਸਿਖ ਸਿਆਸੀ ਲੀਡਰਾਂ ਨੇ ਆਪਣੀ ਗ਼ਫਲਤ ਨੂੰ ਛੁਪਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ 8-9-89 ਦਾ ਘੇਰਾਓ ਮੁਲਤਵੀ ਕੀਤੇ ਜਾਣ ਵਜੋਂ, ਤਖ਼ਤ ਸਾਹਿਬ ਦੇ ਜਥੇਦਾਰ ਜੀ ਦੀ ਖ਼ਾਹ-ਮਖ਼ਾਹ ਆਲੋਚਨਾ ਕੀਤੀ ਗਈ ਹੈ, ਤੇ ਇਸ ਤਰ੍ਹਾਂ ਉਹਨਾਂ ਦੀ ਪ੍ਰਾਪਤੀ ਨੂੰ ਛੁਟਿਆਰਨ ਦਾ ਕੁਹਜਾ ਜਤਨ ਕੀਤਾ ਗਿਆ। ਉਹਨਾਂ ਤੇ ਗੁਰਬਾਣੀ ਦਾ ਇਹ ਫ਼ੁਰਮਾਨ ਇੰਨ ਬਿੰਨ ਢੁਕਦਾ ਹੈ—

ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥ (੩੩੨)

ਇਹ ਆਪ-ਹੁਦਰੇ ਸਿਆਸੀ ਸਿਖ ਲੀਡਰ ਧੜਿਆਂ ਵਿਚ ਵੰਡੇ ਹੋਏ, ਇਕ ਦੂਜੇ ਵਿਰੁਧ ਭੰਡੀ-ਪਰਚਾਰ ਵਿਚ ਰੁਝੇ ਹੋਏ ਹਨ ਤੇ ਪਰਸਪਰ ਫੁਟ ਦਾ ਤਮਾਸ਼ਾ ਸੰਸਾਰ ਨੂੰ ਵਿਖਾ ਕੇ ਕੌਮ ਦੀ ਨਮੋਸ਼ੀ ਕਰ ਰਹੇ ਹਨ। 1-9-89 ਦੇ ਘੇਰਾਓ ਸਮੇਂ ਵੀ ਇਹਨਾਂ ਦੀ ਫੁਟ ਉਭਰ ਕੇ ਸਾਹਮਣੇ ਆਉਂਦੀ ਰਹੀ। ਘੇਰਾਓ ਵਿਚ ਇਹ ਸ਼ਾਮਲ ਤਾਂ ਹੋਏ, ਪਰ ਆਪੋ ਆਪਣੇ ਧੜੇ ਦੀ ਡਫਲੀ ਹੀ ਵਜਾਂਦੇ ਰਹੇ।

ਇਹ ਆਪ-ਹੁਦਰੇ ਗ਼ਰਜ਼-ਗ੍ਰਸਤ ਸਿਆਸੀ ਲੀਡਰ ਆਪੋ ਆਪਣੀ ਚੌਧਰ ਦੀ ਲੜਾਈ ਲੜ ਰਹੇ ਹਨ। ਇਹਨਾਂ ਨੂੰ ਕੌਮ ਦੇ ਵਕਾਰ ਨਾਲ ਮੂਲੋਂ ਹੀ ਕੋਈ ਸਰੋਕਾਰ ਨਹੀਂ। ਸਪੱਸ਼ਟ ਹੈ ਕਿ ਮੌਜੂਦਾ ਸਿਖ ਸਿਆਸੀ ਪਾਰਟੀਆਂ ਦੇ ਕਿਰਦਾਰ ਨੂੰ ਮੁਖ ਰਖਦਿਆਂ, ਕੋਈ ਵੀ ਸਿਆਸੀ ਧੜੇਬੰਦੀ ਪੰਥਕ ਪਾਰਟੀ ਅਖਵਾਉਣ ਦੀ ਹਕਦਾਰ ਨਜ਼ਰ ਨਹੀਂ ਆਉਂਦੀ। ਕੁਟਲ ਸਿਆਸਤ ਖ਼ਾਹ-ਮਖ਼ਾਹ ਧਰਮ ਉਤੇ ਕਾਠੀ ਪਾਈ ਬੈਠੀ ਹੈ।

ਐਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਹੈ ਜੋ ਸਿਖ ਕੌਮ ਦੇ ਸਤਿਕਾਰ ਬਹਾਲ ਕਰਨ ਅਤੇ ਧੀਆਂ ਭੈਣਾਂ ਦੀ ਪਤਿ ਆਬਰੋ ਬਚਾਉਣ ਦਾ ਜ਼ਾਮਨ ਹੈ।

www.AKJ.Org

# ਗੁਰਸਿੱਖ ਦੀ ਨਿੱਤ ਕਰਨੀ

ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰ ਨਾਵੰਦਾ॥
ਗੁਰ ਕੈ ਬਚਨ ਉਚਾਰਿ ਕੈ ਧਰਮਸਾਲਾ ਦੀ ਸੁਰਤਿ ਕਰੰਦਾ॥
ਸਾਧ ਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ॥
ਸੰਕਾ ਮਨਹੁ ਮਿਟਾਇ ਕੈ ਗੁਰ ਸਿੱਖਾਂ ਦੀ ਸੇਵ ਕਰੰਦਾ॥
ਕਿਰਤ ਵਿਰਤ ਕਰਿ ਧਰਮ ਦੀ ਲੈ ਪਰਸਾਦ ਆਣਿ ਵਰਤੰਦਾ॥
ਗੁਰ ਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਾਵੰਦਾ॥
ਕਲੀਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ॥
ਗੁਰਮੁਖਿ ਗਾਡੀ ਰਾਹੁ ਚਲੰਦਾ॥ [ਭਾ: ਗੁਰਦਾਸ ਜੀ, ਵਾਰ ੪੦/੧੧

ਗੁਰਮੁਖ (ਮੁਖੀ ਗੁਰੂ, ਸ਼ਰੋਮਣੀ ਗੁਰੂ, ਸਤਿਗੁਰੂ) ਨੇ ਗੁਰਸਿਖਾਂ ਲਈ ਇਕ ਗਾਡੀ-ਰਾਹ ਚਲਾਇਆ ਹੈ, ਜਿਸ ਤੇ ਤੁਰ ਕੇ ਵੱਡੀ ਤੋਂ ਵੱਡੀ ਮੰਜ਼ਲ ਤੇ ਪੁੱਜ ਜਾਈਦਾ ਹੈ, ਸਗੋਂ ਗੁਰੂ ਨਾਲ ਅਭੇਦ ਵੀ ਹੋ ਜਾਈਦਾ ਹੈ। ਉਹ ਰਾਹ ਇਹ ਹੈ–

ਗੁਰੂ ਦਾ ਸਿੱਖ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਸਰੋਵਰਾਂ (ਅਥਵਾ ਖੂਹਾਂ ਅਤੇ ਤਾਲਾਬਾਂ) ਪੁਰ ਇਸ਼ਨਾਨ ਕਰਦਾ ਹੈ। ਗੁਰੂ ਦੇ ਬਚਨ ਜਪੁਜੀ ਸਾਹਿਬ ਅਤੇ ਤ੍ਵਪ੍ਰਸਾਦਿ ਸਵੈਯੇ ਆਦਿ ਬਾਣੀਆਂ ਪੜ੍ਹ ਕੇ ਧਰਮਸਾਲ ਦੀ 'ਸੁਰਤ' (ਧਰਮਸਾਲਾ ਵਿਚ ਜਾ ਕੇ ਸਤਿਸੰਗ) ਕਰਦਾ ਹੈ, ਸਾਧ ਸੰਗਤ ਵਿਚ ਮਿਲ ਕੇ ਗੁਰੂ ਦੀ ਬਾਣੀ ਪ੍ਰੀਤ ਨਾਲ ਸੁਣਦਾ ਹੈ। ਮਨ ਵਿਚੋਂ ਸ਼ੰਕਾਵਾਂ ਦੂਰ ਕਰ ਕੇ ਗੁਰੂ ਦੇ ਸਿੱਖਾਂ (ਸੰਗਤਾਂ) ਦੀ ਸੇਵਾ ਕਰਦਾ ਹੈ। ਉਹ ਦਸਾਂ ਨਹੁੰਆਂ ਦੀ ਧਰਮ ਦੀ ਕਿਰਤ ਕਰਕੇ ਉਸ ਵਿਚੋਂ ਪ੍ਰਸ਼ਾਦੇ ਸਾਧ ਸੰਗਤ ਵਿਚ ਲਿਆ ਕੇ ਵਰਤਾਉਂਦਾ ਹੈ। (ਪਹਿਲਾਂ) ਗੁਰਸਿਖਾਂ (ਸੰਗਤਾ) ਨੂੰ ਦੇ ਕੇ (ਛਕਾ ਕੇ) ਪਿਛੋਂ ਬਚਿਆ ਫਿਰ ਆਪ ਛਕਦਾ ਹੈ।

ਮੇਰੇ ਸਤਿਗੁਰ ਨੇ ਇਸ ਕਲਯੁਗ ਵਿਚ ਪ੍ਰਕਾਸ਼ ਲੈ ਕੇ ਐਸੀ ਕਲਾ ਵਰਤਾਈ ਹੈ ਕਿ ਸਾਧ ਸੰਗਤ ਦੁਆਰਾ ਗੁਰੂ ਤੇ ਚੇਲਾ ਅਭੇਦ ਹੋ ਜਾਂਦੇ ਹਨ। ਗੁਰਮੁਖਿ ਗੁਰੂ ਨੇ ਇਹ ਗਾਡੀ ਰਾਹ ਸਭ ਦੀ ਕਲਿਆਣ ਲਈ ਚਲਾ ਦਿਤਾ ਹੈ।

[ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ ਅੰਮ੍ਰਿਤਸਰ ਲਿਖਤ ਵੰਡੇ ਜਾਂਦੇ ਸਾਹਿਤ ਵਿਚੋਂ

---


# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਮਤਿ ਲੇਖ | ੧੨-੫੦ |
| ਨਾਮ ਤੇ ਨਾਮ ਦਾਤਾ ਦਾ ਸਤਿਗੁਰੂ | ੧੨-੫੦ | ਗੁਰਮਤਿ ਵਿਚਾਰ | ੧੪-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਅੰਮ੍ਰਿਤ ਕੀ ਹੈ ? | ੨-੫੦ |
| ਜੇਲ੍ਹ ਚਿੱਠੀਆਂ | ੩੦-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਗੁਰਮਤਿ ਬਿਬੇਕ | ੭-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੫੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਆਸਤਕ ਤੇ ਨਾਸਤਕ | ੦-੩੫ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੦-੮੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |





www.AKJ.Org

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਮਾਇਆ ਪੁਜੀ ਹੈ—

| | |
|---|---|
| ਸ: ਰਾਜਿੰਦਰ ਸਿੰਘ, ਖਾਨਪੁਰ ਸਹੋਤਾ | ੩੭੫੦-੦੦ |
| ਸ: ਪਰਮਜੀਤ ਸਿੰਘ, ਅਮੀਪੁਰ | ੩੦੦-੦੦ |
| ਸ: ਦਲਜੀਤਸਿੰਘ ਅੰਮ੍ਰਿਤਸਰ,ਭਾ:ਈਸ਼ਰਸਿੰਘ ਜੀ ਦੀ ਯਾਦ | ੯੪-੦੦ |
| ਬੀਬੀ ਚਰਨ ਕੌਰ, ਪਟਿਆਲਾ | ੨੦੦-੦੦ |
| ਸ: ਚਤਰ ਸਿੰਘ, ਰੰਗੀਆਂ | ੫੧-੦੦ |
| ਸ: ਦਲਜੀਤ ਸਿੰਘ, ਤਲਵਾੜਾ ਟਾਊਨਸ਼ਿਪ | ੨੧-੫੦ |
| ਸ: ਸੇਵਾ ਸਿੰਘ ਡੀ.ਐਸ.ਪੀ (ਰੀ) ਨੰਗਲ ਖ਼ੁਰਦ | ੫੦-੦੦ |
| ਸ: ਹਰਸੇਵ ਸਿੰਘ, ਚੰਡੀਗੜ੍ਹ | ੨੫-੦੦ |
| ਸ: ਮਨਜੀਤ ਸਿੰਘ, ਲੁਧਿਆਣਾ | ੫੦-੦੦ |
| ਬੀ: ਅੰਮ੍ਰਿਤਪਾਲ ਕੌਰ, ਧੂਰੀ | ੫੦-੦੦ |
| ਸ: ਹਰਿੰਦਰਪਾਲ ਸਿੰਘ, ਦਿਲੀ | ੨੫੦-੦੦ |
| ਸ: ਗੁਰਬਖਸ ਸਿੰਘ, ਮੋਹਾਲੀ (ਹੜ੍ਹ ਪੀੜਤਾਂ ਲਈ) | ੨੦੦੦-੦੦ |
| ਸ: ਗਰਦਾਤਾਰ ਸਿੰਘ, ਲੁਧਿਆਣਾ | ੧੦੦-੦੦ |
| CPL ਕੁਲਦੀਪ ਸਿੰਘ, ਬੰਗਲੌਰ | ੧੦੦-੦੦ |
| ਸ: ਜਗਤਾਰ ਸਿੰਘ, ਤਰਨ ਤਾਰਨ | ੫੦੦-੦੦ |
| ਗੁਪਤ | ੫੦-੦੦ |
| ਸ: ਪ੍ਰਦੰਮਨ ਸਿੰਘ, ਜਲੰਧਰ | ੧੦੦-੦੦ |
| ਸ: ਬਲਿਹਾਰ ਸਿੰਘ, ਚੰਡੀਗੜ੍ਹ | ੧੦੧-੦੦ |
| ਸ: ਅਮਰਬੀਰ ਸਿੰਘ | ੨੦੦-੦੦ |
| ਸਾਧ ਸੰਗਤ ਕੋਪਨ ਹੈਗਨ ਡੈਨਮਾਰਕ | ੨੪੧੦-੦੦ |
| ਸ: ਮਲਕੀਅਤ ਸਿੰਘ, ਸਲੋਅ ਯੂ,ਕੇ. | ੬੨੫-੦੦ |
| ਸ: ਦਿਆਲ ਸਿੰਘ ਨਾਰਥੇ, ਸਾਊਥਾਲ ਯੂ.ਕੇ | ੫੦੦-੦੦ |
| ਸਾਧ ਸੰਗਤ ਸਾਊਥਾਲ (ਕੀਰਤਨ ਭੇਟ) | ੧੨੫੦੦-੦੦ |
| ਬੀ: ਕਰਮ ਕੌਰ, ਸਲੋਅ ਯੂ.ਕੇ. | ੩੭੫੦-੦੦ |
| ਬੀ: ਸਤਨਾਮ ਕੌਰ ਤੇ ਪਰਵਾਰ, ਸਲੋਅ ਯੂ.ਕੇ. | ੬੨੫-੦੦ |

## ਸ਼ਹੀਦੀ ਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਅਜੀਤ ਕੌਰ, ਬਿਸ਼ਨ ਪੁਰ (ਕਪੂਰਥਲਾ)—ਬੱਚੀ ਦੇ ਅਨੰਦ ਲਈ | ੪੦੦੦-੦੦ |
| ਭਾਈ ਗੁਰਦਿਤ ਸਿੰਘ ਅੰਬਾਲਾ ਛਾਉਣੀ—ਬੱਚੀ ਦੇ ਅਨੰਦ ਲਈ ਅਤੇ ਘਰੋਗੀ ਖਰਚਾਂ ਲਈ | ੧੦,੦੦੦-੦੦ |
| ਮਨਾਲੀ ਗੁਰਦੁਆਰਾ ਸਾਹਿਬ ਦੀ ਇਮਾਰਤ ਲਈ ਰਾਹੀਂ ਅਖੰਡ ਕੀਰਤਨੀ ਜਥਾ ਦਿਲੀ | ੧੦,੦੦੦-੦੦ |
| ਬੀਬੀ ਜਗਜੀਤ ਕੌਰ, ਆਦਮਪੁਰ (ਜਲੰਧਰ)—ਪਤੀ ਫ਼ੌਜੀ ਧਰਮੀ ਸ਼ਹੀਦ | ੧੦੦੦-੦੦ |
| ਬੀਬੀ ਸੁਖਵਿੰਦਰ ਕੌਰ ਪਤਨੀ ਸ: ਕਰਨੈਲ ਹਿੰਘ—ਪਤੀ ਧਰਮੀ ਫ਼ੌਜੀ ਜੇਲ੍ਹ ਵਿਚ, ਘਰੋਗੀ ਖਰਚਾਂ ਲਈ | ੧੦੦੦-੦੦ |
| ਫ਼ੌਜੀ ਤੇ ਸ਼ਹੀਦੀ ੩੯ ਪਰਵਾਰਾਂ ਨੂੰ ਮਾਸਕ ਸਹਾਇਤਾ ਬੈਂਕ ਰਾਹੀਂ | ੮੧੫੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਗੁਰਪੁਰ ਵਾਸੀ ਭਾਈ ਭਜਨ ਸਿੰਘ ਜੀ (ਮਦਰਾਸੀ ਪਰਵਾਰ) | ੧੫੦੦-੦੦ |

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰੂ ਨਾਨਕ ਨਿਰੰਕਾਰੀ ਗੁਰਪੁਰਬ

24 ਤੋਂ 26 ਨਵੰਬਰ ਸ੍ਰੀ ਅਖੰਡਪਾਠ ਤੇ ਕੀਰਤਨ ਪ੍ਰੋਗਰਾਮ ਗੁ: ਸ੍ਰੀ ਗੁਰੂ ਸਿੰਘ ਸਭਾ ਹੈਂਡਸਵਰਥ ਬਰਮਿੰਘਮ— ਵੇਰਵਾ ਆਉਂਦੇ ਮਹੀਨੇ

## ਜੈਪੁਰ (ਰਾਜਿਸਥਾਨ ਦੀ ਗੁਲਾਬੀ ਨਗਰੀ) ਵਿਖੇ ਸਾਲਾਨਾ ਕੀਰਤਨ ਪ੍ਰੋਗਰਾਮ

੨੬ ਤੋਂ ੨੮ ਅਕਤੂਬਰ ਤਕ ਰੋਜ਼ਾਨਾ ਸਵੇਰੇ ੬ ਤੋਂ ੧ ਦੁਪਹਿਰ, ਸ਼ਾਮ ੬ ਤੋਂ ੮-੩੦

੨੮ ਅਕਤੂਬਰ ਸ਼ਾਮ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ, ੨੯ ਅਕਤੂਬਰ ਐਤਵਾਰ ਸਵੇਰੇ ਸਮਾਪਤੀ

ਸਮਾਗਮ-ਅਸਥਾਨ ਤੇ ਰਿਹਾਇਸ਼—ਗੁਰਦਵਾਰਾ ਸਿਖ ਸੰਗਤ ਸਿੰਧੀ ਕਾਲੋਨੀ ਸ਼ਾਂਤੀ ਪਥ, ਆਦਰਸ਼ ਨਗਰ, ਜੈਪੁਰ

ਫ਼ੋਨ ਗੁਰਦਵਾਰਾ 49948, ਭਾਈ ਜਗਦੀਸ਼ ਸਿੰਘ 48358 ਦਾਸਰੇ ਅਖੰਡ ਕੀਰਤਨੀ ਜਥਾ ਜੈਪੁਰ

## ਦਿਆਲਪੁਰ (ਪਿੰਡ) ਵਿਖ ਅੰਮ੍ਰਿਤਬਾਣੀ ਤੇ ਅਖੰਡ ਕੀਰਤਨ ਦੀ ਵਰਖਾ

ਸੰਗਤ ਇਲਾਕਾ ਦਿਆਲਪੁਰ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪੂਰਨ ਬਾਣੀ ਦੇ ਚੌਥੀ ਵਾਰ ਕੀਰਤਨ ਰਾਹੀਂ ਭੋਗ ਪੈ ਰਹੇ ਹਨ। ੨੧ ਅਕਤੂਬਰ ਸ਼ਨੀਵਾਰ ਰਾਤ ਨੂੰ ਕੀਰਤਨ ਪ੍ਰੋਗਰਾਮ ਹੋਣਗੇ ਅਤੇ ੨੨ ਅਕਤੂਬਰ ਸਵੇਰੇ ੪ ਵਜੇ ਆਖ਼ਰੀ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਿੰਨ ਵਜੇ ਤਕ ਕੀਰਤਨ-ਅਖਾੜੇ ਸਜਣਗੇ।

**ਸੁੰਦਰ ਗੁਟਕਾ**—ਸੰਗਤਾਂ ਦੀ ਚਿਰਾਂ ਦੀ ਮੰਗ ਅਨੁਸਾਰ ਬਾਰਾਮਾਂਹ ਤੁਖਾਰੀ ਤੇ ਮਾਝ, ਸਤੇ ਬਲਵੰਡ ਦੀ ਵਾਰ,ਫੁਨਹੇ, ਚਉਬੋਲੇ, ਛਕਿਆਂ ਨਾਲ ਮਿਲਦੇ ਸ਼ਬਦਾਂ ਸਮੇਤ ਆਸਾ ਦੀ ਵਾਰ, ਸੁਖਮਨੀ ਸਾਹਿਬ ਆਦਿ ਨਿਤਨੇਮ ਦੀਆਂ ਬਾਣੀਆਂ ਸਮੇਤ ਸੁੰਦਰ ਗੁਟਕਾ ਪੂਰੀ ਸੁਧਾਈ ਨਾਲ ਵਧੀਆ ਕਾਗਜ਼ ਤੇ ਤਿਆਰ ਹੋ ਗਿਆ ਹੈ। ਦਿਲੀ ਸਮਾਗਮ ਤੇ ਪ੍ਰਾਪਤ ਹੋ ਸਕੇਗਾ।

www.AKJ.Org

## ਭਾ: ਸਾ: ਸਨਮੁਖ ਸਿੰਘ ਜੀ ਜਬਲਪੁਰ ਨਮਿਤ ਕੀਰਤਨ ਸਮਾਗਮ

ਬੀਤੇ ਸਾਲ ਪਰਲੋਕ ਪਿਆਨੇ ਕਰ ਗਏ ਭਾਈ ਸਾਹਿਬ ਸਨਮੁਖ ਸਿੰਘ ਜੀ ਦੀ ਯਾਦ ਵਿਚ ੧੨-੧੩-੧੪ ਅਕਤੂਬਰ ੧੯੮੯ ਨੂੰ ਸ੍ਰੀ ਅਖੰਡਪਾਠ ਅਤੇ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਮਦਨ ਮਹਿਲ, ਗੁਪਤੇਸ਼ਵਰ ਰੋਡ ਜਬਲਪੁਰ ਵਿਖੇ ਹੋ ਰਹੇ ਹਨ । ਅਰਦਾਸ ਵਿਚ ਸ਼ਾਮਲ ਹੋ ਕੇ ਅਸੀਸੜੀਆਂ ਬਖ਼ਸ਼ੋ ਜੀ ।

ਪ੍ਰਾਰਥਕ—ਅਜਬ ਕੌਰ (ਪਤਨੀ), ਕੰਵਲਜੀਤ ਸਿੰਘ (ਸਪੁਤਰ)

## ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਿਆਈ ਦਿਵਸ ਸੰਬੰਧੀ ਮੋਗਾ ਵਿਖੇ ਸਾਲਾਨਾ ਕੀਰਤਨ ਸਮਾਗਮ

੨ ਨਵੰਬਰ ਸਵੇਰੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਭੁਪਿੰਦਰਾ ਖਾਲਸਾ ਸਕੂਲ, ਸ਼ਾਮ ੫ ਤੋਂ ੮ ਸੋਦਰ ਦੀ ਚੌਕੀ ਗੁਰਦਵਾਰਾ ਕਰਤਾਰ ਭਵਨ ਸਿਵਲ ਲਾਈਨ । ੩ ਨਵੰਬਰ ਸਵੇਰੇ ੬ ਤੋਂ ੯ ਅਖੰਡ ਕੀਰਤਨ ਗੁਰਦਵਾਰਾ ਬਾਬਾ ਮੱਲ ਸਿੰਘ ਪੁਰਾਣਾ ਮੋਗਾ, ਸ਼ਾਮ ੫ ਤੋਂ ੮ ਸੋਦਰ ਦੀ ਚੌਕੀ ਭਾ: ਗੁਰਬਖ਼ਸ਼ ਸਿੰਘ ਦੇ ਗ੍ਰਹਿ ਭਗਤ ਸਿੰਘ ਕਾਲੋਨੀ (ਪਿਛੇ ਸੈਕਰਡ ਸਕੂਲ) । ੪ ਨਵੰਬਤ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਸਕੂਲ ਵਿਖੇ, ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ, ਸ਼ਾਮ ੭ ਵਜੇ ਰੈਣ ਸਬਾਈ ਕੀਰਤਨ ਅਰੰਭ । ੫ ਨਵੰਬਰ ਐਤਵਾਰ ਸਵੇਰੇ ੭ ਵਜੇ ਸਮਾਪਤੀ ।

ਨੋਟ—ਰਿਹਾਇਸ਼ ਤੇ ਲੰਗਰ ਖਾਲਸਾ ਸਕੂਲ ਕਾਲਜ ਵਿਖੇ । ਅਨੰਦਕਾਰਜ ਵਾਲੇ ਜੋੜੇ ਪਹਿਲਾਂ ਸੂਚਿਤ ਕਰਨ ਜੀ ।

ਦਾਸਰੇ ਅਖੰਡ ਕੀਰਤਨੀ ਜਥਾ ਮੋਗਾ

## ਖਾਲਸਾ ਗਰਦਵਾਰਾ ਫਿਰੋਜ਼ਪੁਰ ਛਾ: ਵਿਖੇ ਗੁਰ-ਗਦੀ ਦਿਵਸ ਪਾ: ੮ ਦੇ ਸੰਬੰਧ ਵਿਚ ਰੈਣ ਸਬਾਈ

ਅਖੰਡ ਕੀਰਤਨੀ ਜਥਾ ਫਿਰੋਜ਼ਪੁਰ ਵਲੋਂ ੨੧ ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ

## ਤਖ਼ਤ ਦਮਦਮਾ ਸਾਹਿਬ (ਸਾਬੋਕੀ ਤਲਵੰਡੀ) ਵਿਖੇ ਗੁਰਿਆਈ ਦਿਵਸ ਸ੍ਰੀਗੁਰੂ ਗ੍ਰੰਥ ਸਾਹਿਬਰੈਣ ਸਬਾਈ

ਅਖੰਡ ਕੀਰਤਨੀ ਜਥਾ ਬਠਿੰਡਾ-ਮੋਗਾ ਤੇ ਫ਼ਰੀਦਕੋਟ ਵਲੋਂ ੨੮ ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ

## ਗੁਰਦਵਾਰਾ ਸਤਿਸੰਗ ਓਝਰ(ਨਾਸਿਕ ਤੋਂ ਮਨਮਾਡ ਰੋਡ ਤੇ ੧੮ ਕਿਲੋਮੀਟਰ)ਵਿਖੇ ਰੈਣ ਸਬਾਈ ਕੀਰਤਨ

੨੮ ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ—ਪੂਨੇ ਤੇ ਬੰਬੇ ਦੀਆਂ ਸੰਗਤਾਂ ਜ਼ਰੂਰ ਦਰਸ਼ਨ ਦੇਣ ।

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰਮਤਿ ਸਮਾਗਮ

(1) 14.10.89 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ, ਤੇ ਅੰਮ੍ਰਿਤ ਸਿੰਚਾਰ ਸਿਖ ਟੈਂਪਲ ਦਸਮੇਸ਼ ਦਰਬਾਰ, 97-ਰੋਜ਼ਬਰੀ ਐਵਿਨਿਊ, ਮੈਨਰ ਪਾਰਕ, ਲੰਡਨ ਈ-12 ਵਿਖੇ । ਗੁਰਦਵਾਰਾ ਫ਼ੋਨ : 01-471-2204
ਵਧੇਰੇ ਜਾਣਕਾਰੀ ਲਈ ਭਾਈ ਸ਼ਿਵਦੇਵ ਸਿੰਘ ਫੋਨ : 01-478-6678

(2) ਲੋਕਲ ਪ੍ਰੋਗਰਾਮ 22.10.89 ਐਤਵਾਰ ਨੂੰ ਬੀ· ਰਵਿੰਦਰ ਕੌਰ (ਪੁਤਰੀ ਭਾ: ਹਰਬਖਸ਼ ਸਿੰਘ ਸਰਾਏ) ਤੇ ਕਾਕਾ ਜਗਤਾਰ ਸਿੰਘ (ਪੁਤਰ ਭਾ: ਬਚਨ ਸਿੰਘ ਲਮਿੰਗਟਨ-ਸੱਪਾ) ਦਾ ਅਨੰਦ-ਸਮਾਗਮ ਗੁਰਦਵਾਰਾ ਗੁਰੂ ਨਾਨਕ ਦਰਬਾਰ, ਬਾਇਰਨ ਰੋਡ, ਗਲਿੰਗਟਮ ਵਿਖੇ । ਭਾਈ ਹਰਬਖਸ਼ ਸਿੰਘ ਸਰਾਏ ਫ਼ੋਨ : 0634-407547

(3) ਜਥੇਦਾਰ ਭਾਈ ਦੀਦਾਰ ਸਿੰਘ ਵਲੋਂ ਸੂਚਨਾ ਯੂ, ਕੇ. ਦੀਆਂ ਸਿਖ ਸੰਗਤਾਂ ਪਾਸ—
ਆਉਂਦੇ ਸਾਰੇ ਗੁਰਮਤਿ ਸਮਾਗਮਾਂ ਦੀ ਬੁਕਿੰਗ ਲਈ ਭਾਈ ਗੁਰਨਾਮ ਸਿੰਘ ਜੀ ਨਾਲ ਤਾਲ ਮੇਲ ਇਸ ਪਤੇ ਤੇ ਕਰੋ—
10-Lambourne Gardens, Early, Reading. Berk, Phone 0734-67900

# ਦਿਲੀ ਵਿਚ 'ਸੂਰਾ' ਮਾਸਕ ਪੱਤਰ ਦੇ ਚੰਦੇ ਜਮ੍ਹਾ ਕਰਾਓ

ਦਿਲੀ ਦੇ ਪਾਠਕਾਂ ਦੀ ਸਹੂਲਤ ਲਈ ਦਿਲੀ ਵਿਚ ਚੰਦੇ ਜਮ੍ਹਾ ਕਰਾਉਣ ਲਈ ਪ੍ਰਬੰਧ ਕਰ ਦਿਤਾ ਗਿਆ ਹੈ । ਦਿਲੀ ਦੇ ਲੋਕਲ ਅਖੰਡ ਕੀਰਤਨ ਸਮਾਗਮਾਂ ਸਮੇਂ ਜਾਂ ਹੇਠ ਲਿਖੇ ਪਤੇ ਉਤੇ ਚੰਦੇ ਆਦਿ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕਰੋ ਜੀ—

**ਭਾਈ ਹਰਦਿਤ ਸਿੰਘ ਜੀ, ੩੫-ਏ, ਫ਼ਤਹ ਨਗਰ, ਨਵੀਂ ਦਿਲੀ-੧੮**

**'ਸੂਰਾ' ਮੰਥਲੀ, ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org